

ਪੰਨਾ ਨੰ.:12

ਪੰਜਾਬ ਰਾਜ ਸਕੂਲ ਖੇਡਾਂ ਅੰਡਰ-17 ਵਰਗ 'ਚ ਜਰਖੜ ਹਾਕੀ ਅਕੈਡਮੀ ਨੇ ਜਿੱਤਿਆ ਕਾਂਸੀ ਦਾ ਤਮਗਾ



ਅੰਦਰਲੀ ਖ਼ਬਰ

ਕਾਂਗਰਸ ਪਾਰਟੀ ਨੇ ਫਗੂਵਾਲਾ ਵਿਖੇ ਸੂਬਾ ਪੱਧਰੀ ਵਿਸ਼ਾਲ ਰੈਲੀ ਕਰਕੇ ਚੋਣਾਂ ਦਾ ਵਜਾਇਆ ਬਿਗਲ

ਅੰਦਰਲੀ ਖ਼ਬਰ

ਹੈਮਿਲਟਨ ਮੈਰਾਥਨ ਰੋਡ 2 ਹੋਪ' ਈਵੈਂਟ 'ਚ ਟੀ.ਪੀ.ਏ.ਆਰ. ਕਲੱਬ ਦੇ ਮੈਰਾਥਨ ਦੌੜਾਕਾਂ ਜੱਸੀ ਧਾਲੀਵਾਲ ਤੇ ਕਰਮਜੀਤ ਧੰਗੂੜਾ ਦਾ ਸ਼ਾਨਦਾਰ ਪ੍ਰਦਰਸ਼ਨ



ਪੰਨਾ ਨੰ.:6 ਲੇਖ

ਜਦੋਂ ਪੰਜਾਬ ਨੇ ਗਿਰਗਿਟ ਵਾਂਗੂ ਰੰਗ ਬਦਲੇ !



PUNJABSTAR.COM

ਪੰਜਾਬ ਸਟਾਰ

Phone: 905-673-7666 , Fax: 1-289-206-8611

05 ਨਵੰਬਰ ਤੋਂ 11 ਨਵੰਬਰ, 2026

Email :- editor@punjabstar.com, Vo. 20. Issue:1262

ਕੈਨੇਡਾ 'ਚ ਪੰਜਾਬੀ ਨੌਜਵਾਨ ਸੁਨਹਿਰੀ ਭਵਿੱਖ ਦੀ ਧੁੰਦਲੀ ਤਸਵੀਰ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਪੈਣ ਲਈ ਮਜ਼ਬੂਰ



ਬਰੈਂਪਟਨ (ਪੰਜਾਬ ਸਟਾਰ ਬਿਓਰੋ): ਸੁਨਹਿਰੇ ਭਵਿੱਖ ਦੀ ਭਾਲ ਵਿੱਚ ਸੁਫ਼ਨੇ ਲੈ ਕੇ ਕੈਨੇਡਾ ਆਏ ਪੰਜਾਬੀ ਨੌਜਵਾਨਾਂ ਵਿੱਚੋਂ ਕਈਆਂ ਨੂੰ ਭਵਿੱਖ ਦਾ ਹਨੇਰਾ ਖੁਦਕੁਸ਼ੀਆਂ ਦੇ ਰਾਹ ਪੈਣ ਲਈ ਮਜਬੂਰ ਕਰਨ ਲੱਗਿਆ ਹੈ। ਇਸ ਰੁਝਾਨ ਦੇ ਕਾਰਨਾਂ 'ਚ ਕੈਨੇਡਾ ਦੇ ਅਵਾਸ ਵਿਭਾਗ ਦੀਆਂ ਨੀਤੀਆਂ ਅਤੇ ਸਖਤੀਆਂ ਦਾ ਵੀ ਯੋਗਦਾਨ ਹੈ।

ਜਿਸ ਦੇ ਚਲਦਿਆਂ ਨਵੰਬਰ ਦੇ ਪਹਿਲੇ ਚਾਰ ਦਿਨਾਂ 'ਚ ਦੋ ਨੌਜਵਾਨਾਂ ਵੱਲੋਂ ਖ਼ੁਦਕੁਸ਼ੀ ਦੇ ਯਤਨ ਕਰਨ ਦੀ ਘਟਨਾ ਸਾਹਮਣੇ ਆਈ ਹੈ। ਹਾਲ ਹੀ ਵਿੱਚ ਬਰੈਂਪਟਨ ਰਹਿੰਦੇ 24 ਸਾਲਾਂ ਦੇ ਨੌਜਵਾਨ ਸਿਮਰਜੀਤ ਸਿੰਘ ਨੇ ਰੇਲ ਗੱਡੀ ਹੇਠ ਆ ਕੇ ਜਾਨ ਦਿੱਤੀ ਤੇ ਉਸ ਤੋਂ ਅਗਲੇ ਦਿਨ ਸਰੀ ਦੇ ਉੱਤਰੀ ਪਾਸੇ ਇੱਕ ਨੌਜਵਾਨ ਵੱਲੋਂ ਗੋਲੀ ਮਾਰਕੇ ਆਪਣੀ ਜਾਨ ਲੈਣ ਦਾ ਕੀਤਾ ਗਿਆ, ਜਿਸ ਕਾਰਨ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਹਸਪਤਾਲ ਵਿੱਚ ਇਲਾਜ ਅਧੀਨ ਹੈ।

ਜਾਣਕਾਰੀ ਅਨੁਸਾਰ ਸਿਮਰਜੀਤ ਸਿੰਘ ਨੇ ਪੱਕੇ ਹੋਣ ਦੇ ਕਈ ਯਤਨ ਕੀਤੇ। ਉਸ ਨੇ ਟਰੱਕ ਕੰਪਨੀ ਤੋਂ ਕਥਿਤ ਐੱਲ ਐੱਮ ਆਈ ਏ (ਲੇਬਰ ਮਾਰਕੀਟ ਇੰਟਰਨੈਸ਼ਨਲ ਇੰਪੈਕਟ) ਲਈ 60-70 ਹਜਾਰ ਡਾਲਰ ਵੀ ਦਿੱਤੇ ਪਰ ਕੋਈ ਫਾਇਦਾ ਨਾ ਹੋਇਆ, ਕਿਉਂਕਿ ਉਸਦੀ ਫਾਈਲ ਲੱਗਣ ਤੱਕ ਟਰੱਕ ਕੰਪਨੀ ਦੇ ਮਾਲਕ ਨੇ ਕੰਪਨੀ ਦਿਵਾਲੀਆ ਕਰਾਰ ਦੇ ਦਿੱਤੀ ਸੀ।

ਉਸਨੇ ਸਿਮਰਜੀਤ ਤੋਂ ਲਏ ਪੈਸੇ ਮੋੜਨ ਤੋਂ ਇਨਕਾਰ ਕਰ ਦਿੱਤਾ। ਬੇਸ਼ੱਕ ਰੁਜਗਾਰ ਦਾਤਿਆਂ ਵਲੋਂ ਵਿਦੇਸ਼ਾਂ ਤੋਂ ਕਾਮੇ ਸੱਦਣ ਲਈ ਸਰਕਾਰ ਵਲੋਂ ਐਲ ਐਮ ਆਈ ਏ ਮੁਫਤ ਸੀ, ਪਰ ਨੌਕਰੀ ਦੇਣ ਵਾਲਿਆਂ ਨੇ ਪੱਕੇ ਕਰਾਉਣ ਦੀ ਆੜ ਹੇਠ ਇਸਨੂੰ ਧੰਦਾ ਬਣਾ ਲਿਆ ਸੀ। ਸ਼ਿਕਾਇਤਾਂ ਮਿਲਣ ਤੇ ਸਰਕਾਰ ਨੇ ਪਿਛਲੇ ਸਾਲ ਇਸਨੂੰ ਬੰਦ ਕਰ ਦਿੱਤਾ ਸੀ। * ਬਾਕੀ ਸਫ਼ਾ 2 'ਤੇ

ਅਮਰੀਕਾ ਦੇ ਫਲੋਰੀਡਾ 'ਚ ਜਹਾਜ਼ ਹਾਦਸੇ 'ਚ 9 ਲੋਕਾਂ ਦੀ ਮੌਤ



ਅਮਰੀਕਾ (ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਬਿਜ਼ਨਸ ਜੈੱਟ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਵਿੱਚ ਸਵਾਰ ਸਾਰੇ ਨੌਂ ਲੋਕਾਂ ਦੀ ਮੌਤ ਹੋ ਗਈ। ਜਹਾਜ਼ ਇੱਕ ਰਿਹਾਇਸ਼ੀ ਇਲਾਕੇ ਵਿੱਚ ਜਾ ਡਿੱਗਿਆ। ਸੜਕ ਨਾਲ ਟਕਰਾਉਣ ਤੋਂ ਬਾਅਦ ਇਸ ਨੂੰ ਅੱਗ ਲੱਗ ਗਈ, ਜਿਸ ਨਾਲ ਪੂਰਾ ਜਹਾਜ਼ ਅੱਗ ਦੇ ਇੱਕ ਵਿਸ਼ਾਲ ਗੋਲੇ ਵਿੱਚ ਤਬਦੀਲ ਹੋ ਗਿਆ। ਅਮਰੀਕਾ ਦੇ ਟਰਾਂਸਪੋਰਟ ਸਕੱਤਰ ਸੀਨ ਡਫੀ ਨੇ ਪੁਸ਼ਟੀ ਕੀਤੀ ਹੈ ਕਿ ਇਸ ਹਾਦਸੇ ਵਿੱਚ ਸ਼ਾਮਲ ਸਾਰੇ ਨੌਂ ਲੋਕਾਂ ਦੀ ਮੌਤ ਹੋ ਗਈ ਹੈ। * ਬਾਕੀ ਸਫ਼ਾ 2 'ਤੇ

1984 ਸਿੱਖ ਨਸਲਕੁਸ਼ੀ ਦੀ ਯਾਦ 'ਚ ਬਰੈਂਪਟਨ ਸਿਟੀ ਦਫ਼ਤਰ ਦੇ ਝੰਡੇ 7 ਦਿਨਾਂ ਲਈ ਅੱਧੇ ਝੁਕਾਏ



(ਪੰਜਾਬ ਸਟਾਰ ਬਿਓਰੋ): ਭਾਰਤ ਵਿੱਚ 1984 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਵਾਪਰੇ ਸਿੱਖ ਨਸਲਕੁਸ਼ੀ ਕਾਂਡ ਦੀ ਦੁਖਦਾਈ ਯਾਦ ਵਿੱਚ ਬਰੈਂਪਟਨ ਸਿਟੀ ਕੌਂਸਲ ਦਫ਼ਤਰ ਦੇ ਝੰਡੇ ਇੱਕ ਹਫ਼ਤੇ ਲਈ ਅੱਧੇ ਝੁਕੇ ਰਹਿਣਗੇ। ਕੌਂਸਲ ਵੱਲੋਂ ਲਿਆ ਗਿਆ ਇਹ ਫ਼ੈਸਲਾ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਬੰਧੀ ਮੁਲਾਜ਼ਮਾਂ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। 1 ਨਵੰਬਰ ਤੋਂ ਅੱਧੇ ਝੁਕਾਏ ਗਏ ਇਹ ਝੰਡੇ 7 ਨਵੰਬਰ ਤੱਕ ਅੱਧੇ ਹੀ ਝੁੱਲਣਗੇ। ਕੈਨੇਡਾ ਦੇ ਕਈ ਹੋਰ ਸ਼ਹਿਰਾਂ ਵਿੱਚ ਵੀ ਸ਼ੋਕ ਸਭਾਵਾਂ ਕਰਕੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਵੈਨਕੂਵਰ, ਸਰੀ, ਐੱਬਟਸਫੋਰਡ, ਪਿਕਰਿੰਗ, ਕੈਲਗਰੀ, ਰੀਜਾਈਨਾ ਅਤੇ ਓਟਾਵਾ ਸ਼ਾਮਲ ਹਨ।

13 ਨਵੰਬਰ ਨੂੰ ਦੇਸ਼ ਦੀ ਰਾਜਧਾਨੀ ਓਟਾਵਾ ਵਿੱਚ ਪਾਰਲੀਮੈਂਟ ਹਿੱਲ ਕੋਲ ਸਿੱਖਾਂ ਦਾ ਇੱਕ ਵੱਡਾ ਇਕੱਠ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਟੋਰਾਂਟੋ, ਬਰੈਂਪਟਨ ਅਤੇ ਆਸ-ਪਾਸ ਦੇ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੱਲੋਂ ਉਸ ਦਿਨ ਸੰਗਤ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਆਯੋਜਕਾਂ ਵਿੱਚੋਂ ਇੱਕ, ਅਵਤਾਰ ਸਿੰਘ ਪੂਨੀਆ ਨੇ ਦੱਸਿਆ ਕਿ ਇਸ ਉਪਰਾਲੇ ਰਾਹੀਂ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਵਾਪਰੇ ਭਿਆਨਕ ਕਤਲੇਆਮ ਦੀ ਜਾਣਕਾਰੀ ਨੂੰ ਜਿੱਥੇ ਗਲੋਬਲ ਪੱਧਰ 'ਤੇ ਪਹੁੰਚਾਇਆ ਜਾਵੇਗਾ, ਉੱਥੇ ਹੀ ਅਮਨ ਅਤੇ ਏਕਤਾ ਦਾ ਸੁਨੇਹਾ ਵੀ ਦਿੱਤਾ ਜਾਵੇਗਾ ਤਾਂ ਜੋ ਭਵਿੱਖ ਵਿੱਚ * ਬਾਕੀ ਸਫ਼ਾ 2 'ਤੇ

OSAP ਵਿੱਤੀ ਸਹਾਇਤਾ ਪ੍ਰੋਗਰਾਮ 'ਚ ਵੱਡਾ ਘੁਟਾਲਾ ਬੇਪਰਦ: ਮਹਿਜ਼ ਤਿੰਨ ਆਈਪੀ ਐਡਰੈੱਸਾਂ ਤੋਂ ਭਰੀਆਂ ਗਈਆਂ 8,300 ਅਰਜ਼ੀਆਂ



(ਪੰਜਾਬ ਸਟਾਰ ਬਿਓਰੋ): ਕੈਨੇਡਾ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਸਰਕਾਰੀ ਵਿੱਤੀ ਸਹਾਇਤਾ ਨਾਲ ਸਬੰਧਤ 'ਓਨਟਾਰੀਓ ਸਟੂਡੈਂਟ ਅਸਿਸਟੈਂਸ ਪ੍ਰੋਗਰਾਮ' (OSAP) ਵਿੱਚ ਸਾਹਮਣੇ ਆਈਆਂ ਵੱਡੀਆਂ ਬੇਨਿਯਮੀਆਂ ਦੀ ਜਾਂਚ ਦੌਰਾਨ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਜਾਂਚ ਰਿਪੋਰਟਾਂ ਅਨੁਸਾਰ ਵਿੱਤੀ ਸਹਾਇਤਾ ਹਾਸਲ ਕਰਨ ਲਈ 8,300 ਤੋਂ ਵੱਧ ਅਰਜ਼ੀਆਂ ਮਹਿਜ਼ ਤਿੰਨ ਇੰਟਰਨੈੱਟ ਪ੍ਰੋਟੋਕੋਲ (ਆਈਪੀ) ਐਡਰੈੱਸਾਂ ਤੋਂ ਹੀ ਦਾਖ਼ਲ ਕੀਤੀਆਂ ਗਈਆਂ ਸਨ। ਜ਼ਿਕਰਯੋਗ ਹੈ ਕਿ ਆਈਪੀ ਐਡਰੈੱਸ ਹਰ ਉਸ ਡਿਵਾਈਸ ਦਾ ਇੱਕ ਵਿਲੱਖਣ ਨੰਬਰ ਹੁੰਦਾ ਹੈ ਜੋ ਇੰਟਰਨੈੱਟ ਨੈੱਟਵਰਕ ਨਾਲ ਜੁੜਿਆ ਹੁੰਦਾ ਹੈ।

ਓਨਟਾਰੀਓ ਸਰਕਾਰ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਮੁਤਾਬਕ ਪ੍ਰਾਂਤ ਦੇ ਤਿੰਨ ਨਿੱਜੀ ਕੈਰੀਅਰ ਕਾਲਜ ਵਿਦਿਆਰਥੀਆਂ ਦੀਆਂ ਵਿੱਤੀ ਸਹਾਇਤਾ ਅਰਜ਼ੀਆਂ ਵਿੱਚ ਹੋਈਆਂ ਗੜਬੜੀਆਂ ਦੇ ਮਾਮਲੇ 'ਚ ਜਾਂਚ ਦੇ ਘੇਰੇ ਵਿੱਚ ਹਨ। ਅਧਿਕਾਰੀਆਂ ਦਾ ਦਾਅਵਾ ਹੈ ਕਿ ਦੋ ਕੈਂਪਸਾਂ ਵਿੱਚ ਅੱਧੇ ਤੋਂ ਵੱਧ ਅਰਜ਼ੀਆਂ ਇੱਕੋ ਆਈਪੀ ਐਡਰੈੱਸ ਤੋਂ ਭੇਜੀਆਂ ਗਈਆਂ। ਦਸਤਾਵੇਜ਼ਾਂ ਅਨੁਸਾਰ ਬਰੈਂਪਟਨ ਈਸਟ ਸਥਿਤ ਇੱਕ ਕਾਲਜ ਵਿੱਚ ਸਾਲ 2025-26 ਦੌਰਾਨ ਪ੍ਰਾਪਤ ਹੋਈਆਂ ਕੁੱਲ 6,001 ਅਰਜ਼ੀਆਂ ਵਿੱਚੋਂ 3,136 (52 ਫ਼ੀਸਦ) ਅਰਜ਼ੀਆਂ ਇੱਕੋ ਆਈਪੀ ਐਡਰੈੱਸ ਤੋਂ ਆਈਆਂ। ਇਸੇ ਤਰ੍ਹਾਂ ਨਾਰਥ ਯੌਰਕ ਦੇ ਇੱਕ ਕਾਲਜ ਵਿੱਚ 6,070 ਅਰਜ਼ੀਆਂ ਵਿੱਚੋਂ 3,460 (57 ਫ਼ੀਸਦ) ਅਤੇ ਬੇਅ ਕੈਂਪਸ ਵਿੱਚ 6,966 ਵਿੱਚੋਂ 1,736 (25 ਫ਼ੀਸਦ) ਅਰਜ਼ੀਆਂ ਇੱਕੋ ਆਈਪੀ ਐਡਰੈੱਸ ਤੋਂ ਦਾਖ਼ਲ ਕੀਤੀਆਂ ਗਈਆਂ ਸਨ।

ਸਰਕਾਰ ਨੂੰ ਇਨ੍ਹਾਂ ਕਾਲਜਾਂ ਦੇ ਨੈੱਟਵਰਕ ਖ਼ਿਲਾਫ਼ 200 ਤੋਂ ਵੱਧ ਸ਼ਿਕਾਇਤਾਂ ਤੇ ਸੁਹਾਂ ਮਿਲੀਆਂ ਹਨ। ਇਨ੍ਹਾਂ ਵਿੱਚ ਦੋਸ਼ ਲਾਇਆ ਗਿਆ ਹੈ ਕਿ ਏਜੰਟ ਅਤੇ ਭਰਤੀਕਾਰ ਖ਼ੁਦ ਵਿਦਿਆਰਥੀਆਂ ਦੇ ਨਾਂ 'ਤੇ ਓਸੈਪ (OSAP) ਫਾਰਮ ਭਰ ਰਹੇ ਸਨ ਅਤੇ ਉਨ੍ਹਾਂ ਦੇ ਬਦਲੇ ਕੋਰਸ-ਵਰਕ ਵੀ ਆਪ ਹੀ ਮੁਕੰਮਲ ਕਰਦੇ ਸਨ। ਇਨ੍ਹਾਂ ਸੰਸਥਾਵਾਂ ਦੀ ਪੜ੍ਹਾਈ ਦੇ ਮਿਆਰ ਨੂੰ ਭਰੋਸੇਯੋਗ ਨਾ ਮੰਨਦਿਆਂ ਸੂਬਾ ਸਰਕਾਰ ਨੇ ਮਈ ਮਹੀਨੇ ਇਨ੍ਹਾਂ ਦੀ ਓਸੈਪ (OSAP) ਯੋਗਤਾ ਰੱਦ ਕਰ ਦਿੱਤੀ ਸੀ, ਜਿਸ ਫ਼ੈਸਲੇ ਨੂੰ ਹੁਣ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ।

ਓਨਟਾਰੀਓ ਦੇ ਕਾਲਜ ਅਤੇ ਯੂਨੀਵਰਸਿਟੀਆਂ ਬਾਰੇ ਮੰਤਰੀ ਨੋਲਨ ਕੁਇਨ * ਬਾਕੀ ਸਫ਼ਾ 2 'ਤੇ

ਸੁਹਾਨਾ ਗਿੱਲ 20 ਸਾਲ ਦੀ ਉਮਰ 'ਚ ਕੈਨੇਡਾ ਦੀ ਸਿਆਸਤ 'ਚ ਛਾਈ ਬਣੀ ਸਭ ਤੋਂ ਘੱਟ ਉਮਰ ਦੀ ਸਿਟੀ ਕੌਂਸਲਰ



ਕੈਨੇਡਾ (ਪੰਜਾਬ ਸਟਾਰ ਬਿਓਰੋ): ਜਿਸ ਉਮਰ ਵਿੱਚ ਬਹੁਤੇ ਨੌਜਵਾਨ ਅਜੇ ਆਪਣੀ ਪੜ੍ਹਾਈ ਅਤੇ ਕਰੀਅਰ ਦੀ ਰਾਹ ਚੁਣ ਰਹੇ ਹੁੰਦੇ ਹਨ, ਉਸ ਉਮਰ ਵਿੱਚ ਪੰਜਾਬੀ ਮੂਲ ਦੀ 20 ਸਾਲਾ ਰਾਜਨੀਤੀ ਵਿਗਿਆਨ ਦੀ ਗ੍ਰੈਜੂਏਟ ਸੁਹਾਨਾ ਗਿੱਲ ਨੇ ਜਨਤਕ ਜੀਵਨ ਵਿੱਚ ਵੱਡੀ ਪੁਲਾਂਘ ਪੁੱਟੀ ਹੈ। ਉਹ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ (Surrey) ਦੀ ਸਭ ਤੋਂ ਘੱਟ ਉਮਰ ਦੀ ਸਿਟੀ ਕੌਂਸਲਰ ਬਣ ਗਈ ਹੈ। ਸੁਹਾਨਾ ਨੇ 2 ਨਵੰਬਰ ਨੂੰ ਅਹੁਦੇ ਦੀ ਸਹੁੰ ਚੁੱਕੀ ਅਤੇ ਮੇਅਰ ਡੱਗ ਮੈਕਕੱਲਮ ਦੀ ਅਗਵਾਈ ਵਾਲੀ ਨਵੀਂ ਚੁਣੀ ਗਈ ਸਰੀ ਸਿਟੀ ਕੌਂਸਲ ਵਿੱਚ ਸ਼ਾਮਲ ਹੋ ਗਈ।

ਸਰੀ ਵਿੱਚ ਹੀ ਜੰਮੀ-ਪਲੀ ਸੁਹਾਨਾ ਨੇ 15 ਸਾਲ ਦੀ ਉਮਰ ਵਿੱਚ ਆਪਣੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰ ਲਈ ਸੀ ਅਤੇ ਇਸ ਤੋਂ ਬਾਅਦ 'ਕਵਾਂਤਲਨ ਪੋਲੀਟੈਕਨਿਕ ਯੂਨੀਵਰਸਿਟੀ' (KPU) ਤੋਂ ਰਾਜਨੀਤੀ ਵਿਗਿਆਨ ਦੀ ਪੜ੍ਹਾਈ ਕੀਤੀ। ਉਸ ਨੇ 19 ਸਾਲ ਦੀ ਉਮਰ ਵਿੱਚ ਆਪਣੀ ਬੈਚਲਰ ਡਿਗਰੀ ਪੂਰੀ ਕਰ ਲਈ ਸੀ।

ਉਸ ਦੀਆਂ ਸਿਆਸੀ ਖ਼ਾਹਸ਼ਾਂ ਰਾਤੋ-ਰਾਤ ਪੈਦਾ ਨਹੀਂ ਹੋਈਆਂ। * ਬਾਕੀ ਸਫ਼ਾ 2 'ਤੇ

ਟਰੰਪ ਨੂੰ ਵੱਡਾ ਝਟਕਾ, ਮੱਧਕਾਲੀ ਚੋਣਾਂ ਦੌਰਾਂ ਸਦਨਾਂ 'ਚ ਡੈਮੋਕਰੇਟਿਕ ਪਾਰਟੀ ਨੂੰ ਬਹੁਮਤ



ਅਮਰੀਕਾ (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿੱਚ ਹੋਈਆਂ ਮੱਧਕਾਲੀ ਚੋਣਾਂ ਵਿੱਚ ਵੋਟਰਾਂ ਨੇ ਸੱਤਾਧਾਰੀ ਰਿਪਬਲਿਕਨ ਪਾਰਟੀ ਨੂੰ ਕਰਾਰੀ ਹਾਰ ਦਿੰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਧਿਕਾਰਾਂ 'ਤੇ ਵੱਡੀ ਬ੍ਰੇਕ ਲਗਾ ਦਿੱਤੀ ਹੈ। ਵੋਟਰਾਂ ਦੇ ਇਸ ਫਤਵੇ ਨੇ ਸਿਆਸੀ ਗਲਿਆਰਿਆਂ ਵਿੱਚ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਜਨਤਾ ਵੱਲੋਂ ਦਿੱਤੀ ਗਈ ਸੱਤਾ ਮਨਮਰਜ਼ੀਆਂ ਕਰਨ ਲਈ ਨਹੀਂ, ਸਗੋਂ ਲੋਕ ਹਿੱਤਾਂ ਦੀ ਪਹਿਰੇਦਾਰੀ ਲਈ ਹੁੰਦੀ ਹੈ। * ਬਾਕੀ ਸਫ਼ਾ 2 'ਤੇ

ਓਹੀਓ 'ਚ ਐਮੀ ਐਕਟਨ ਨੇ ਵਿਵੇਕ ਰਾਮਾਸਵਾਮੀ ਨੂੰ ਹਰਾਇਆ

ਬਣੀ ਸੂਬੇ ਦੀ ਪਹਿਲੀ ਮਹਿਲਾ ਗਵਰਨਰ



ਅਮਰੀਕਾ, (ਪੰਜਾਬ ਸਟਾਰ ਬਿਓਰੋ): ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਡਾ. ਐਮੀ ਐਕਟਨ ਨੇ ਓਹੀਓ ਦੇ ਗਵਰਨਰ ਅਹੁਦੇ ਦੀ ਦੌੜ ਜਿੱਤ ਲਈ ਹੈ। ਉਨ੍ਹਾਂ ਨੇ ਟਰੰਪ ਸਮਰਥਿਤ ਭਾਰਤੀ-ਅਮਰੀਕੀ ਰਿਪਬਲਿਕਨ ਉਮੀਦਵਾਰ ਵਿਵੇਕ ਰਾਮਾਸਵਾਮੀ ਨੂੰ ਹਰਾ ਦਿੱਤਾ ਹੈ। ਐਮੀ ਐਕਟਨ ਓਹੀਓ ਦੇ ਗਵਰਨਰ ਅਹੁਦੇ ਦੀ ਚੋਣ ਜਿੱਤ ਕੇ ਸੂਬੇ ਦੇ ਇਸ ਸਰਵਉੱਚ ਅਹੁਦੇ 'ਤੇ ਚੁਣੀ ਜਾਣ ਵਾਲੀ ਪਹਿਲੀ ਮਹਿਲਾ ਬਣ ਗਈ ਹੈ। * ਬਾਕੀ ਸਫ਼ਾ 2 'ਤੇ



ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available



Jasbir Singh Hundal
Registered Credit Counsellor

1888-864-3131

www.MakeMeDebtFree.ca 416-502-3100

Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS

We Help Get You the Compensation You Deserve

Book a free consultation:
1-833-BRAR-LAW

PERSONAL INJURY

- Auto Accident
- Pedestrian Hit Accident
- Slip & Fall
- Bicycle Accident
- Family Member Claims
- Short & Long-Term Disability
- CPP Disability
- Wrongful Death & Fata accidents



Harjit Brar
Sales Representat ve
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

ਕੈਨੇਡਾ ਦੇ ਇਮੀਗ੍ਰੇਸ਼ਨ ਨਿਯਮਾਂ 'ਚ ਵੱਡਾ ਬਦਲਾਅ, ਐਕਸਪ੍ਰੈੱਸ ਐਂਟਰੀ ਲਈ LMIA ਦੀ ਸ਼ਰਤ ਖ਼ਤਮ

ਹਾਈ-ਵੇਜ ਨੌਕਰੀਆਂ ਵਾਲੇ ਉਮੀਦਵਾਰਾਂ ਨੂੰ ਮਿਲੇਗਾ ਵੱਡਾ ਲਾਭ, 3 ਨਵੰਬਰ ਤੋਂ ਨਵੇਂ ਨਿਯਮ ਲਾਗੂ

ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਨਿਯਮਾਂ ਵਿੱਚ ਅਹਿਮ ਤਬਦੀਲੀ ਕਰਦਿਆਂ ਐਕਸਪ੍ਰੈੱਸ ਐਂਟਰੀ (Express Entry) ਤਹਿਤ ਯੋਗ ਨੌਕਰੀਆਂ ਦੀ ਪੇਸ਼ਕਸ਼ ਲਈ ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ (LMIA) ਦੀ ਲਾਜ਼ਮੀ ਸ਼ਰਤ ਖ਼ਤਮ ਕਰ ਦਿੱਤੀ ਹੈ। ਨਵੇਂ ਨਿਯਮ 3 ਨਵੰਬਰ 2026 ਤੋਂ ਲਾਗੂ ਹੋ ਗਏ ਹਨ। ਇਸ ਤਬਦੀਲੀ ਨਾਲ ਕੈਨੇਡਾ ਵਿੱਚ ਪੱਕੀ ਰਿਹਾਇਸ਼ (PR) ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹੁਨਰਮੰਦ ਵਿਦੇਸ਼ੀ ਕਾਮਿਆਂ ਅਤੇ ਉਨ੍ਹਾਂ ਨੂੰ ਨੌਕਰੀ ਦੇਣ ਵਾਲੇ ਮਾਲਕਾਂ ਲਈ ਪ੍ਰਕਿਰਿਆ ਆਸਾਨ ਹੋ ਸਕਦੀ ਹੈ।

ਨਵੇਂ ਨਿਯਮਾਂ ਅਨੁਸਾਰ ਯੋਗ ਨੌਕਰੀ ਦੀ ਪੇਸ਼ਕਸ਼ ਲਈ ਹੁਣ ਮਾਲਕਾਂ ਨੂੰ ਇਹ ਸਾਬਤ ਕਰਨ ਵਾਸਤੇ LMIA ਲੈਣ ਦੀ ਲੋੜ ਨਹੀਂ ਹੋਵੇਗੀ ਕਿ ਉਸ ਅਹੁਦੇ ਲਈ ਕੈਨੇਡਾ ਵਿੱਚ ਕੋਈ ਯੋਗ ਕਰਮਚਾਰੀ ਉਪਲੱਬਧ ਨਹੀਂ ਹੈ।

ਸਰਕਾਰ ਨੇ ਹਾਈ-ਵੇਜ ਕਿੱਤਿਆਂ ਵਿੱਚ ਯੋਗ ਨੌਕਰੀਆਂ ਦੀ ਪੇਸ਼ਕਸ਼ ਕਰਨ ਵਾਲੇ ਉਮੀਦਵਾਰਾਂ ਲਈ ਐਕਸਪ੍ਰੈੱਸ ਐਂਟਰੀ ਦੇ CRS ਅੰਕਾਂ ਵਿੱਚ ਵੀ ਨਵੇਂ ਪ੍ਰਬੰਧ ਕੀਤੇ ਹਨ। ਤਨਖ਼ਾਹ ਦੇ ਪੱਧਰ ਅਨੁਸਾਰ 50, 70 ਜਾਂ 100 ਵਾਧੂ ਅੰਕ ਮਿਲ ਸਕਦੇ ਹਨ। ਹਾਲਾਂਕਿ, ਇਮੀਗ੍ਰੇਸ਼ਨ ਅਧਿਕਾਰੀ ਇਹ ਜਾਂਚ ਕਰਨਗੇ ਕਿ ਨੌਕਰੀ ਦੀ ਪੇਸ਼ਕਸ਼ ਅਸਲੀ ਹੈ ਜਾਂ ਨਹੀਂ ਅਤੇ ਉਮੀਦਵਾਰ ਉਸ ਨੌਕਰੀ ਲਈ ਯੋਗਤਾ ਰੱਖਦਾ ਹੈ ਜਾਂ ਨਹੀਂ।

ਦੂਜੇ ਪਾਸੇ, ਕੁਝ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਤਬਦੀਲੀ ਨਾਲ ਕੁਝ ਪੇਸ਼ੇਵਰ ਖੇਤਰਾਂ ਵਿੱਚ ਕੈਨੇਡੀਅਨ ਕਾਮਿਆਂ ਲਈ ਮੁਕਾਬਲਾ ਵਧ ਸਕਦਾ ਹੈ ਅਤੇ ਤਨਖ਼ਾਹਾਂ ਦੇ ਵਾਧੇ 'ਤੇ ਅਸਰ ਪੈ ਸਕਦਾ ਹੈ। ਜਦਕਿ ਦੂਜੇ ਮਾਹਿਰਾਂ ਅਨੁਸਾਰ ਉੱਚ ਹੁਨਰਮੰਦ ਪ੍ਰਵਾਸੀ ਕਾਮੇ ਲੰਬੇ ਸਮੇਂ ਵਿੱਚ ਕੈਨੇਡਾ ਦੀ ਆਰਥਿਕਤਾ ਅਤੇ ਉਤਪਾਦਕਤਾ ਨੂੰ ਮਜ਼ਬੂਤ ਕਰਦੇ ਹਨ।

ਜ਼ਿਕਰਯੋਗ ਹੈ ਕਿ ਲੀਅ ਦੀ ਸ਼ਰਤ ਖ਼ਤਮ ਹੋਣ ਦਾ ਮਤਲਬ ਇਹ ਨਹੀਂ ਕਿ ਹਰ ਨੌਕਰੀ ਦੀ ਪੇਸ਼ਕਸ਼ 'ਤੇ ਫ਼ੁਸ਼ ਅੰਕ ਮਿਲਣਗੇ। ਫ਼ੁਸ਼ ਦੇ ਨਵੇਂ ਜੌਬ ਆਫ਼ਰ ਅੰਕਾਂ ਲਈ ਹਾਈ-ਵੇਜ ਕਿੱਤੇ ਦੀ ਯੋਗਤਾ ਲਾਜ਼ਮੀ ਹੈ।

ਸਰੋਤ: ਕੈਨੇਡਾ ਇਮੀਗ੍ਰੇਸ਼ਨ ਵਿਭਾਗ

ਕੈਨੇਡਾ : ਪ੍ਰਾਇਮਰੀ ਸਕੂਲਾਂ 'ਚ ਦਸਤਾਰ ਤੇ ਨਕਾਬ ਸਮੇਤ ਧਾਰਮਿਕ ਪਹਿਰਾਵੇ 'ਤੇ ਬੈਨ ਲਾਉਣ ਦੀ ਤਿਆਰੀ



ਕਿਊਬੈਕ ਦੀ ਨਵੀਂ ਪਾਰਟੀ ਕਿਊਬੈਕ ਇਸ ਸਰਕਾਰ ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਦਸਤਾਰਾਂ ਅਤੇ ਨਕਾਬਾਂ ਸਮੇਤ ਧਾਰਮਿਕ ਪਹਿਰਾਵੇ 'ਤੇ ਬੈਨ ਲਗਾਉਣ ਦੀ ਯੋਜਨਾ ਹੈ। ਇਸ ਤਜਵੀਜ਼ ਦੀ ਨਾਗਰਿਕ ਆਜ਼ਾਦੀਆਂ ਅਤੇ ਮੁਸਲਿਮ ਸਮੂਹਾਂ ਵੱਲੋਂ ਆਲੋਚਨਾ ਕੀਤੀ ਗਈ ਹੈ, ਜੋ ਚਿਤਾਵਨੀ ਦਿੰਦੇ ਹਨ ਕਿ ਇਹ ਧਾਰਮਿਕ ਆਜ਼ਾਦੀ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਘੱਟ ਗਿਣਤੀ ਬੱਚਿਆਂ ਨੂੰ ਬਾਹਰ ਕਰ ਸਕਦਾ ਹੈ।

ਵੀਓਨ ਖ਼ਬਰ ਵੈੱਬਸਾਈਟ ਮੁਤਾਬਿਕ ਕੈਨੇਡੀਅਨ ਸੂਬੇ ਕਿਊਬੈਕ ਵਿੱਚ ਨਵੀਂ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਪ੍ਰਾਇਮਰੀ ਸਕੂਲਾਂ ਤੋਂ ਦਸਤਾਰਾਂ ਅਤੇ ਨਕਾਬਾਂ ਸਮੇਤ ਸਾਰੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਏਗੀ, ਇੱਕ ਅਜਿਹਾ ਕਦਮ ਜੋ ਪਹਿਲਾਂ ਤੋਂ ਮੌਜੂਦ ਪਾਬੰਦੀਆਂ ਵਿੱਚ ਹੋਰ ਵਾਧਾ ਕਰਦਾ ਹੈ।

ਜਦੋਂ ਸਿੱਖਿਆ ਮੰਤਰੀ ਜੋਏਲ ਅਰਸੇਨੋ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਦੀ ਪਾਰਟੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਦੇ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਬੈਨ ਲਗਾਉਣ ਦੇ ਆਪਣੇ ਚੋਣ ਵਾਅਦੇ 'ਤੇ ਕਾਇਮ ਰਹੇਗੀ ਤਾਂ ਉਨ੍ਹਾਂ ਕਿਹਾ, ''ਇਸ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਸਾਨੂੰ ਇਹ ਕਰਨ ਲਈ ਹੀ ਚੁਣਿਆ ਗਿਆ ਸੀ।''

"ਅਸੀਂ ਇਸ ਨੂੰ ਪੂਰਾ ਕਰਨ ਲਈ ਕੰਮ ਕਰਾਂਗੇ।" ਅਲਹਿਦਗੀਪਸੰਦ ਪਾਰਟੀ ਕਿਊਬੈਕੋਇਸ ਅਕਤੂਬਰ ਵਿੱਚ ਹੋਈਆਂ ਸੂਬਾਈ ਚੋਣਾਂ ਵਿੱਚ ਸੱਤਾ ਵਿੱਚ ਆਈ ਸੀ ਅਤੇ ਸਕੂਲੀ ਬੱਚਿਆਂ ਦੇ ਧਾਰਮਿਕ ਪਹਿਰਾਵੇ ਪਹਿਨਣ 'ਤੇ ਬੈਨ ਲਗਾਉਣਾ ਉਨ੍ਹਾਂ ਦੇ ਏਜੰਡੇ ਦਾ ਹਿੱਸਾ ਸੀ।

ਵੀਓਨ ਦੀ ਖ਼ਬਰ ਮੁਤਾਬਕ ਇਹ ਪਿਛਲੀ ਕੋਲੀਸ਼ਨ ਅਵੇਨਿਰ ਕਿਊਬੈਕੋਰ (CAQ) ਸਰਕਾਰ ਦੇ ਅਧੀਨ ਇਸ ਸਾਲ ਅਪਰੈਲ ਵਿੱਚ ਲਾਗੂ ਕੀਤੀਆਂ ਗਈਆਂ ਹੋਰ ਪਾਬੰਦੀਆਂ ਦੇ ਆਧਾਰ 'ਤੇ ਬਣਾਇਆ ਗਿਆ ਹੈ। ਉਸ ਨੇ ਸਰਕਾਰੀ ਯੂਨੀਵਰਸਿਟੀਆਂ, ਸਰਕਾਰ ਦੁਆਰਾ ਸਬਸਿਡੀ ਪ੍ਰਾਪਤ ਨਿੱਜੀ ਸੰਸਥਾਵਾਂ, ਇੱਥੋਂ ਤੱਕ ਕਿ ਚਾਈਲਡ ਕੇਅਰ ਸੈਂਟਰਾਂ ਵਿੱਚ ਵੀ ਧਾਰਮਿਕ ਗਤੀਵਿਧੀਆਂ 'ਤੇ ਬੈਨ ਲਗਾ ਦਿੱਤਾ ਸੀ, ਗਜ਼ਟ ਨੇ ਉਸ ਸਮੇਂ ਰਿਪੋਰਟ ਦਿੱਤੀ ਸੀ।

ਇਹ ਸੜਕਾਂ ਜਾਂ ਪਾਰਕਾਂ ਵਿੱਚ ਸਾਂਝੀਆਂ ਧਾਰਮਿਕ ਗਤੀਵਿਧੀਆਂ 'ਤੇ ਵੀ ਰੋਕ ਲਗਾਉਂਦਾ ਹੈ। ਜਨਤਕ ਥਾਵਾਂ 'ਤੇ ਧਾਰਮਿਕ ਪਹਿਰਾਵੇ 'ਤੇ ਰੋਕ ਲਗਾਉਣ ਦੀ ਪ੍ਰਕਿਰਿਆ 2019 ਵਿੱਚ CAQ ਸਰਕਾਰ ਅਧੀਨ ਸ਼ੁਰੂ ਹੋਈ ਸੀ। ਧਰਮ-ਨਿਰਪੱਖਤਾ ਦੇ ਕਾਨੂੰਨ ਨੇ ਸਰਕਾਰੀ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਨੂੰ ਧਰਮ ਦੇ ਪ੍ਰਤੱਖ ਚਿੰਨ੍ਹ ਜਿਵੇਂ ਕਿ ਸਿੱਖ ਦਸਤਾਰ ਜਾਂ ਮੁਸਲਿਮ ਔਰਤ ਦੇ ਹਿਜਾਬ ਨੂੰ ਪ੍ਰਦਰਸ਼ਿਤ ਕਰਨ ਤੋਂ ਰੋਕ ਦਿੱਤਾ ਸੀ।

ਇੱਕ ਬਿਆਨ ਵਿੱਚ, ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (CCLA) ਦੀ ਕਿਊਬੈਕ ਬੁਲਾਰਾ ਅਤੇ ਮੌਲਿਕ ਆਜ਼ਾਦੀਆਂ ਦੀ ਡਾਇਰੈਕਟਰ ਐਨਾਇਸ ਬੁਸੀਏਰੇਸ ਮੈਕਨਿਕੋਲ ਨੇ ਕਿਹਾ ਕਿ ਕਿਊਬੈਕ ਨੇ "ਪਹਿਲਾਂ ਕੁਝ ਜਨਤਕ ਖੇਤਰ ਦੇ ਕਰਮਚਾਰੀਆਂ 'ਤੇ ਬੈਨ ਲਗਾਉਣ" ਤੋਂ ਬਾਅਦ "ਧਾਰਮਿਕ ਪ੍ਰਗਟਾਵੇ 'ਤੇ ਪਾਬੰਦੀਆਂ ਨੂੰ ਹੌਲੀ-ਹੌਲੀ ਵਧਾਇਆ ਹੈ" ਅਤੇ ਫਿਰ ਇਸ ਨੂੰ "ਸਰਕਾਰੀ ਸਕੂਲਾਂ ਦੇ ਸਟਾਫ, ਸਰਕਾਰੀ ਫੰਡ ਪ੍ਰਾਪਤ ਨਿੱਜੀ ਸਕੂਲਾਂ, ਅਤੇ ਸਰਕਾਰੀ ਜਾਂ ਸਰਕਾਰੀ ਫੰਡ ਪ੍ਰਾਪਤ ਡੇ-ਕੇਅਰ ਸੈਂਟਰਾਂ" ਤੱਕ ਵਧਾ ਦਿੱਤਾ ਹੈ।

ਮੈਕਨਿਕੋਲ ਨੇ ਕਿਹਾ, ''ਇੱਕ ਅਜਿਹਾ ਹੱਲ ਜੋ ਬਿਨਾਂ ਵਜ੍ਹਾ ਸਮੱਸਿਆ ਦੀ ਭਾਲ ਕਰ ਰਿਹਾ ਹੈ। ਇਸ ਵਾਰ, ਕਿਊਬੈਕ ਸਰਕਾਰ ਬੱਚਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ, ਹਰ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨੂੰ ਵੱਖਰੇਵੇਂ ਅਤੇ ਅਸਵੀਕਾਰ ਦਾ ਸੁਨੇਹਾ ਭੇਜ ਰਹੀ ਹੈ।''

ਇੱਕ ਬਿਆਨ ਵਿੱਚ, ਨੈਸ਼ਨਲ ਕੌਂਸਲ ਆਫ਼ ਕਿਊਬੈਕ ਮੁਸਲਿਮਜ਼ (CNQM) ਨੇ ਕਿਹਾ ਕਿ ਅਰਸੇਨੋ ਦੇ ਐਲਾਨ ਨੇ "ਧਾਰਮਿਕ ਆਜ਼ਾਦੀ, ਜਨਤਕ ਸਿੱਖਿਆ ਤੱਕ ਬਰਾਬਰ ਪਹੁੰਚ ਅਤੇ ਕਿਊਬੈਕ ਸਮਾਜ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਥਾਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ।" ਬਿਆਨ ਵਿੱਚ ਕਿਹਾ ਗਿਆ ਹੈ ਕਿ ਸਕੂਲ ਦੇ ਆਗੂਆਂ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਅਜਿਹੀ ਪਾਬੰਦੀ ਸਕੂਲਾਂ ਅਤੇ ਪਰਿਵਾਰਾਂ ਵਿਚਕਾਰ ਸਬੰਧਾਂ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਣਾ ਇੱਕ ਚੰਗਾ ਜਨਤਕ ਨੀਤੀ ਦਾ ਟੀਚਾ ਨਹੀਂ ਹੈ।

CNQM ਦੇ ਸੀਈਓ ਸਟੀਫਨ ਬਰਾਊਨ ਨੇ ਇਸ ਨੀਤੀ ਰਾਹੀਂ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਸੁਨੇਹੇ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਇਹ ਕਦਮ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਤਮਿਕਤਾ ਦੇ ਅਧਿਕਾਰ 'ਤੇ ਹਮਲਾ ਹੈ। ਉਨ੍ਹਾਂ ਕਿਹਾ ਕਿ, ''ਇਸ ਨਾਲ ਬੱਚਿਆਂ ਨੂੰ ਇਹ ਸੁਨੇਹਾ ਮਿਲੇਗਾ ਕਿ ਉਹ ਸਮਾਜ ਦਾ ਹਿੱਸਾ ਨਹੀਂ ਹਨ ਅਤੇ ਉਹ ਦੂਜੇ ਦਰਜੇ ਦੇ ਨਾਗਰਿਕ ਹਨ।''

ਵਪਾਰਕ ਮੁੱਦਿਆਂ 'ਤੇ ਟਰੰਪ ਨਾਲ ਚੰਗੀ ਗੱਲਬਾਤ ਹੋਈ: ਕਾਰਨੀ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਦੋਵਾਂ ਦੇਸ਼ਾਂ ਵਿਚਾਲੇ ਭਵਿੱਖ ਦੇ ਵਪਾਰਕ ਸਬੰਧਾਂ ਬਾਰੇ ਚੰਗੀ ਗੱਲਬਾਤ ਹੋਈ ਹੈ। ਦੋਵੇਂ ਦੇਸ਼ ਇਸ ਸਮੇਂ ਵਪਾਰਕ ਜੰਗ ਵਿੱਚ ਉਲਝੇ ਹੋਏ ਹਨ ਅਤੇ ਇਸ ਕਾਰਨ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਵਿੱਚ ਤਣਾਅ ਬਣਿਆ ਹੋਇਆ ਹੈ। ਕਾਰਨੀ ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਆਪਣੀ ਗੱਲਬਾਤ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਟਰੰਪ ਨਾਲ ਹੋਈ ਗੱਲਬਾਤ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤੇ ਦੀ ਰੂਪਰੇਖਾ ਬਾਰੇ ਹਾਲ ਹੀ ਵਿੱਚ ਹੋਈਆਂ ਉਸਾਰੂ ਚਰਚਾਵਾਂ ਨੂੰ ਅੱਗੇ ਵਧਾਉਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸਮਝੌਤੇ ਦਾ ਉਦੇਸ਼ ਦੋਵਾਂ ਦੇਸ਼ਾਂ ਲਈ ਆਰਥਿਕ ਲਾਭ ਯਕੀਨੀ ਬਣਾਉਣਾ ਹੈ।

ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸਮਝੌਤੇ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਲੋਕਾਂ ਲਈ ਵਸਤਾਂ ਤੇ ਸੇਵਾਵਾਂ ਕਿਫ਼ਾਇਤੀ ਬਣਾਉਣ ਵਿੱਚ ਮਦਦ ਮਿਲੇਗੀ। ਇਸ ਦੇ ਨਾਲ ਹੀ ਕੈਨੇਡਾ ਦੀਆਂ ਭਾਸ਼ਾਵਾਂ, ਸੱਭਿਆਚਾਰ ਅਤੇ ਪ੍ਰਭੂਸੱਤਾ ਦਾ ਪੂਰਾ ਸਤਿਕਾਰ ਕੀਤਾ ਜਾਵੇਗਾ।

ਕਾਰਨੀ ਨੇ ਕਿਹਾ, ''ਸਾਡੀਆਂ ਟੀਮਾਂ ਹੁਣ ਆਉਣ ਵਾਲੇ ਹਫ਼ਤਿਆਂ ਵਿੱਚ ਇਸ ਟੀਚੇ ਨੂੰ ਹਾਸਲ ਕਰਨ ਲਈ ਕੰਮ ਕਰਨਗੀਆਂ।'' ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਤਣਾਅ ਦਾ ਮੁੱਖ ਕਾਰਨ ਅਮਰੀਕਾ ਵੱਲੋਂ ਕੈਨੇਡੀਅਨ ਵਸਤਾਂ 'ਤੇ ਲਗਾਏ ਗਏ ਟੈਕਸ ਅਤੇ ਵਪਾਰਕ ਨੀਤੀਆਂ ਨੂੰ ਲੈ ਕੇ ਮਤਭੇਦ ਹਨ। ਕੈਨੇਡਾ ਅਤੇ ਅਮਰੀਕਾ ਇੱਕ-ਦੂਜੇ ਦੇ ਅਹਿਮ ਵਪਾਰਕ ਭਾਈਵਾਲ ਹਨ। ਇਸ ਲਈ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤੇ ਨੂੰ ਲੈ ਕੇ ਹੋਣ ਵਾਲੀ ਅਗਲੀ ਗੱਲਬਾਤ 'ਤੇ ਕਾਰੋਬਾਰੀ ਖੇਤਰ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਕਾਰਨੀ ਦੇ ਬਿਆਨ ਤੋਂ ਹਾਲਾਂਕਿ ਇਹ ਸਪੱਸ਼ਟ ਨਹੀਂ ਹੋਇਆ ਕਿ ਨਵੇਂ ਸਮਝੌਤੇ ਬਾਰੇ ਕੋਈ ਅੰਤਿਮ ਸਹਿਮਤੀ ਬਣੀ ਹੈ ਜਾਂ ਨਹੀਂ। ਫਿਲਹਾਲ ਦੋਵਾਂ ਦੇਸ਼ਾਂ ਦੀਆਂ ਟੀਮਾਂ ਆਉਣ ਵਾਲੇ ਹਫ਼ਤਿਆਂ ਵਿੱਚ ਇਸ ਦਿਸ਼ਾ ਵਿੱਚ ਗੱਲਬਾਤ ਜਾਰੀ ਰੱਖਣਗੀਆਂ।

ਪੇਜ ਇੱਕ ਦੀ ਬਾਕੀ

ਅਮਰੀਕਾ ਦੇ ਫਲੋਰੀਡਾ...

ਰਿਪੋਰਟਾਂ ਅਨੁਸਾਰ, 'ਲੀਅਰਜੈੱਟ 60' ਜਹਾਜ਼ ਨੇ ਟੈਕਸਾਸ ਦੇ ਆਸਟਿਨ-ਬਰਗਸਟ੍ਰੋਮ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਭਰੀ ਸੀ। ਇਹ ਬਹਾਮਾਸ ਵੱਲ ਜਾ ਰਿਹਾ ਸੀ। ਉਡਾਣ ਦੌਰਾਨ, ਜਹਾਜ਼ ਅਚਾਨਕ ਹੇਠਾਂ ਆ ਗਿਆ ਅਤੇ ਦੱਖਣੀ ਫਲੋਰੀਡਾ ਦੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਸੜਕ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ। ਟਕਰਾਉਣ ਤੋਂ ਬਾਅਦ, ਉੱਥੇ ਭਿਆਨਕ ਅੱਗ ਲੱਗ ਗਈ ਅਤੇ ਇੱਕ ਜ਼ੋਰਦਾਰ ਧਮਾਕਾ ਹੋਇਆ।

ਹਾਦਸੇ ਤੋਂ ਬਾਅਦ, ਸੜਕ 'ਤੇ ਇੱਕ ਵੱਡਾ ਟੋਆ ਬਣ ਗਿਆ। ਘਟਨਾ ਵਾਲੀ ਥਾਂ ਤੋਂ ਉੱਠਦਾ ਕਾਲਾ ਧੂੰਆਂ ਕਾਫ਼ੀ ਦੂਰੋਂ ਦੇਖਿਆ ਜਾ ਸਕਦਾ ਸੀ। ਜਹਾਜ਼ ਦੇ ਮਲਬੇ ਅਤੇ ਸੜਕ ਦੇ ਟੁੱਟੇ ਹੋਏ ਹਿੱਸਿਆਂ ਦੇ ਵਿਚਕਾਰ ਲਾਟਾਂ ਲਗਾਤਾਰ ਉੱਠ ਰਹੀਆਂ ਸਨ। ਚਸ਼ਮਦੀਦ ਗਵਾਹਾਂ ਅਨੁਸਾਰ, ਜਹਾਜ਼ ਰਿਹਾਇਸ਼ੀ ਘਰਾਂ ਤੋਂ ਬਹੁਤ ਥੋੜ੍ਹੀ ਦੂਰੀ 'ਤੇ ਡਿੱਗਿਆ। ਖੁਸ਼ਕਿਸਮਤੀ ਨਾਲ, ਸ਼ੁਰੂਆਤੀ ਰਿਪੋਰਟਾਂ ਦੱਸਦੀਆਂ ਹਨ ਕਿ ਜਹਾਜ਼ ਸਿੱਧਾ ਕਿਸੇ ਘਰ 'ਤੇ ਨਹੀਂ ਡਿੱਗਿਆ।

ਹਾਦਸੇ ਦੀ ਇੱਕ ਦਿਲ ਦਹਿਲਾ ਦੇਣ ਵਾਲੀ ਵੀਡੀਓ ਸਾਹਮਣੇ ਆਈ ਹੈ। ਆਪਣੀਆਂ ਕਾਰਾਂ ਵਿੱਚ ਬੈਠੇ ਲੋਕਾਂ ਨੇ ਉਸ ਦ੍ਰਿਸ਼ ਨੂੰ ਕੈਮਰੇ ਵਿੱਚ ਕੈਦ ਕਰ ਲਿਆ, ਜਿਸ ਵਿੱਚ ਜਹਾਜ਼ ਅਸਮਾਨ ਤੋਂ ਤੇਜ਼ੀ ਨਾਲ ਹੇਠਾਂ ਡਿੱਗਦਾ ਹੈ ਅਤੇ ਸੜਕ ਦੇ ਨੇੜੇ ਜ਼ਮੀਨ ਨਾਲ ਟਕਰਾਉਂਦੇ ਹੀ ਅੱਗ ਦੇ ਗੋਲੇ ਵਿੱਚ ਤਬਦੀਲ ਹੋ ਜਾਂਦਾ ਹੈ। ਘਟਨਾ ਸਥਾਨ 'ਤੇ ਮੌਜੂਦ ਲੋਕ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਜਹਾਜ਼ ਘਰਾਂ ਅਤੇ ਸੜਕ 'ਤੇ ਚੱਲ ਰਹੇ ਵਾਹਨਾਂ ਦੇ ਇੰਨੇ ਨੇੜੇ ਜਾ ਡਿੱਗਿਆ।

ਕੈਨੇਡਾ 'ਚ ਪੰਜਾਬੀ...

ਪੀ ਆਰ (ਪੱਕੇ ਹੋਣ) ਹਾਸਲ ਕਰਨ ਲਈ ਸਿਮਰਜੀਤ ਵੱਲੋਂ ਕੀਤੇ ਹੋਰ ਯਤਨ ਵੀ ਸਿਰੇ ਨਾ ਲੱਗੇ। ਹਰੇਕ ਪਾਸਿਓਂ ਨਿਰਾਸ਼ ਹੋਕੇ ਉਸਨੇ ਖੁਦਕੁਸ਼ੀ ਦਾ ਰਸਤਾ ਚੁਣਿਆ। ਦੂਜੇ ਪਾਸੇ ਸਰੀ ਵਿੱਚ ਗੋਲੀ ਨਾਲ ਜ਼ਖਮੀ ਹੋਏ ਨੌਜਵਾਨ ਦੀ ਪਛਾਣ ਅਜੇ ਪੁਲੀਸ ਨੇ ਜਨਤਕ ਨਹੀਂ ਕੀਤੀ। ਪਰ ਦੱਸਿਆ ਹੈ ਕਿ ਗੋਲੀਬਾਰੀ ਦੀ ਘਟਨਾ ਦੀ ਜਾਂਚ ਦੌਰਾਨ ਮੁਢਲੇ ਸੰਕੇਤ ਸ਼ੱਕੀ ਹਨ, ਜਿਸਦਾ ਪਤਾ ਜ਼ਖ਼ਮੀ ਨੂੰ ਹੋਸ਼ ਆਉਣ ਤੋਂ ਬਾਦ ਲੱਗੇਗਾ। ਜਾਣਕਾਰਾਂ ਅਨੁਸਾਰ ਜ਼ਖ਼ਮੀ ਨੌਜਵਾਨ ਕਰਜਈ ਹੋਣ ਕਰਕੇ ਪਰੇਸ਼ਾਨ ਸੀ।

ਬੀਤੇ ਸਮੇਂ ਦੌਰਾਨ ਇਸ ਤਰ੍ਹਾਂ ਦੀਆਂ ਹੋਰ ਵੀ ਘਟਨਾਵਾਂ ਵਾਪਰੀਆਂ ਹਨ। ਅੰਦਾਜ਼ੇ ਅਨੁਸਾਰ ਇਸ ਵੇਲੇ ਦੋ ਢਾਈ ਲੱਖ ਪੰਜਾਬੀ ਨੌਜਵਾਨ ਗੈਰਕਨੂੰਨੀ ਢੰਗ ਨਾਲ ਕੈਨੇਡਾ ਰਹਿ ਰਹੇ ਹਨ, ਜਿੰਨਾਂ ਚੋਂ ਬਹੁਤਿਆਂ ਦੇ ਵਰਕ ਪਰਮਿਟ ਨਵਿਆਏ ਨਹੀਂ ਗਏ ਤੇ ਕਈ ਹੋਰਨਾਂ ਦੇ ਸ਼ਰਨਾਰਥੀ ਦਾਅਵੇ ਰੱਦ ਹੋ ਗਏ ਹਨ।

ਇੰਮੀਗਰੇਸ਼ਨ ਏਜੰਟਾਂ ਵਲੋਂ ਇੰਜ ਦੇ ਲੋਕਾਂ ਨੂੰ ਝੂਠੇ ਸਬਜਬਾਗ ਵਿਖਾ ਕੇ ਉਨ੍ਹਾਂ ਦਾ ਕੀਤੀ ਜਾਂਦੀ ਲੁੱਟ ਦਾ ਪਤਾ ਲੱਗਣ ਤੇ ਹੀ ਸਰਕਾਰ ਨੂੰ ਏਜੰਟਾਂ ਦੀ ਨਕੇਲ ਕਸਣ ਲਈ ਨਿਯਮ ਸਖ਼ਤ ਕਰਨੇ ਪਏ, ਜਿੰਨਾਂ 'ਚ ਏਜੰਟਾਂ ਨੂੰ ਵੱਡਾ ਜੁਰਮਾਨੇ ਤੇ ਜੇਲ੍ਹ ਦੀ ਵਿਵਸਥਾ

ਅਮਰੀਕਾ ਦੇ ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਗੋਲੀਬਾਰੀ; ਦੋ ਜ਼ਖ਼ਮੀ



ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਯੂਬਾ ਸਿਟੀ ਵਿੱਚ 47ਵੇਂ ਸਾਲਾਨਾ ਸਿੱਖ ਸਮਾਗਮ ਅਤੇ ਨਗਰ ਕੀਰਤਨ ਦੌਰਾਨ ਹਿੰਸਾ ਦੀਆਂ ਦੋ ਘਟਨਾਵਾਂ ਵਾਪਰੀਆਂ। ਪਹਿਲੀ ਘਟਨਾ ਸ਼ਨਿੱਚਰਵਾਰ 31 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਦੇ ਸਾਹਮਣੇ ਤੀਏਰਾ ਬੁਏਨਾ ਰੋਡ 'ਤੇ ਸਥਿਤ ਪਾਰਕਿੰਗ ਲਾਟ ਵਿੱਚ ਗੋਲੀਬਾਰੀ ਦੀ ਸੀ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ। ਸਟਰ ਕਾਊਂਟੀ ਸ਼ੈਰਿਫ਼ ਦਫ਼ਤਰ ਨੇ ਇਸ ਮਾਮਲੇ ਵਿੱਚ ਇੱਕ ਸ਼ੱਕੀ ਦੀ ਪਛਾਣ ਕਰ ਲਈ ਹੈ ਪਰ ਉਸ ਦੀ ਗ੍ਰਿਫ਼ਤਾਰੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਦੂਜੀ ਘਟਨਾ ਐਤਵਾਰ ਪਹਿਲੀ ਨਵੰਬਰ ਨੂੰ ਨਗਰ ਕੀਰਤਨ ਦੀ ਸਮਾਪਤੀ ਨੇੜੇ ਵਾਪਰੀ ਜਦੋਂ ਚਾਕੂਬਾਜ਼ੀ ਦੌਰਾਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਨੂੰ ਯੂ ਸੀ ਡੇਵਿਸ ਮੈਡੀਕਲ ਸੈਂਟਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਸ ਦੀ ਹਾਲਤ ਸਥਿਰ ਦੱਸੀ ਗਈ ਹੈ।

ਇਰਾਦਾ ਕਤਲ ਸਮੇਤ ਕਈ ਦੋਸ਼ਾਂ ਹੇਠ ਕੇਸ ਦਰਜ

ਪੁਲੀਸ ਨੇ ਇਸ ਘਟਨਾ ਦੇ ਸਬੰਧ ਵਿੱਚ ਸੈਕਰਾਮੈਂਟੋ ਵਾਸੀ 28 ਸਾਲਾ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਸਟਰ ਕਾਊਂਟੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਉਸ ਖ਼ਿਲਾਫ਼ ਇਰਾਦਾ ਕਤਲ, ਅਪਰਾਧ ਦੀ ਸਾਜ਼ਿਸ਼, ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਅਤੇ ਜਾਨਲੇਵਾ ਹਥਿਆਰ ਨਾਲ ਹਮਲਾ ਕਰਨ ਸਮੇਤ ਕਈ ਦੋਸ਼ ਲਾਏ ਗਏ ਹਨ।

ਦੋਵੇਂ ਘਟਨਾਵਾਂ ਦੇ ਸਬੰਧਾਂ ਦੀ ਜਾਂਚ

ਸਟਰ ਕਾਊਂਟੀ ਸ਼ੈਰਿਫ਼ ਦਫ਼ਤਰ ਅਨੁਸਾਰ ਹਾਲੇ ਇਹ ਸਪੱਸ਼ਟ ਨਹੀਂ ਹੋਇਆ ਕਿ ਗੋਲੀਬਾਰੀ ਅਤੇ ਚਾਕੂਬਾਜ਼ੀ ਦੀਆਂ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ ਜਾਂ ਨਹੀਂ। ਜਾਂਚਕਰਤਾ ਗੁਰਦੁਆਰਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੋਰ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਜਾਂਚ ਬਾਰੇ ਹੋਰ ਜਾਣਕਾਰੀ ਬੁੱਧਵਾਰ ਨੂੰ ਜਾਰੀ ਕੀਤੀ ਜਾ ਸਕਦੀ ਹੈ।

ਅਮਰੀਕਾ ਦੇ ਡਲਾਸ 'ਚ ਗੋਲੀਬਾਰੀ

6 ਹਲਾਕ, ਦਰਜਨ ਤੋਂ ਵੱਧ ਜ਼ਖ਼ਮੀ, ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਜਾਰੀ: ਪੁਲੀਸ



ਡਲਾਸ ਵਿੱਚ ਗੋਲੀਬਾਰੀ ਦੀਆਂ ਵੱਖ-ਵੱਖ ਘਟਨਾਵਾਂ 'ਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖ਼ਮੀ ਹੋ ਗਏ ਹਨ। ਪੁਲੀਸ ਮੁਖੀ ਡੈਨੀਅਲ ਕੋਮੋਕਸ ਨੇ ਕਿਹਾ ਕਿ ਪੁਲੀਸ ਅਜੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਗੋਲੀਬਾਰੀ ਦੀਆਂ ਇਹ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਸਨ। ਇਹ ਹੈਲੋਵੀਨ ਵੀਕਐਂਡ 'ਤੇ ਦੇਸ਼ ਭਰ ਵਿੱਚ ਹੋਈਆਂ ਕਈ ਹਿੰਸਕ ਘਟਨਾਵਾਂ ਵਿੱਚੋਂ ਇੱਕ ਸੀ। ਕੋਮੋਕਸ ਨੇ ਕਿਹਾ ਕਿ ਗੋਲੀਬਾਰੀ ਦੀਆਂ ਤਿੰਨ ਵੱਖ-ਵੱਖ ਘਟਨਾਵਾਂ ਵਾਪਰੀਆਂ ਅਤੇ ਤੁਰੰਤ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਕਿਉਂ ਸ਼ੁਰੂ ਹੋਈਆਂ। ਉਨ੍ਹਾਂ ਕਿਹਾ ਕਿ ਕੁਝ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ, ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਾਂ ਕੀ ਦੋਸ਼ ਲਾਏ ਗਏ ਹਨ। –

ਅਮਰੀਕਾ ਵਿੱਚ ਹਫ਼ਤੇ ਦੇ ਅਖ਼ੀਰ ਵਿੱਚ ਗੋਲੀਬਾਰੀ ਦੀਆਂ ਕਈ ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿੱਚ ਕਈ ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਜ਼ਖ਼ਮੀ ਹੋ ਗਏ। ਅਲਾਬਾਮਾ ਵਿੱਚ ਦੋ ਯੂਨੀਵਰਸਿਟੀਆਂ ਵਿਚਾਲੇ ਫੁਟਬਾਲ ਮੈਚ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ। ਪੁਲੀਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ ਹੈ। ਪੁਲੀਸ ਦੇ ਬੁਲਾਰੇ ਡੀ'ਰੇਲ ਫਰੀਮੈਨ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਕੇ ਪੁਲੀਸ ਹੈੱਡਕੁਆਰਟਰ ਲਿਜਾਇਆ ਗਿਆ ਹੈ। ਘਟਨਾ ਵਾਲੀ ਥਾਂ ਤੋਂ ਕਈ ਹਥਿਆਰ ਵੀ ਬਰਾਮਦ ਕਰਕੇ ਸੁਰੱਖਿਅਤ ਕਰ ਲਏ ਗਏ ਹਨ। ਉਧਰ, ਡੇਲਾਵੇਅਰ ਸੂਬੇ ਦੇ ਨੇਵਾਰਕ ਵਿੱਚ ਯੂਨੀਵਰਸਿਟੀ ਆਫ਼ ਡੇਲਾਵੇਅਰ ਦੇ ਕੈਂਪਸ ਨੇੜੇ ਸ਼ਨਿੱਚਰਵਾਰ ਦੇਰ ਰਾਤ ਹੋਈ ਗੋਲੀਬਾਰੀ ਵਿੱਚ ਛੇ ਵਿਅਕਤੀ ਜ਼ਖ਼ਮੀ ਹੋ ਗਏ। ਪੁਲੀਸ ਅਨੁਸਾਰ ਸਾਰਿਆਂ ਨੂੰ ਇਲਾਜ ਲਈ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਐਤਵਾਰ ਦੁਪਹਿਰ ਤੱਕ ਉਨ੍ਹਾਂ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਸੀ। ਘਟਨਾ ਤੋਂ ਬਾਅਦ ਸ਼ਹਿਰ ਦੀ ਮੇਨ ਸਟਰੀਟ ਦਾ ਇੱਕ ਹਿੱਸਾ ਕਈ ਘੰਟਿਆਂ ਲਈ ਬੰਦ ਰੱਖਿਆ ਗਿਆ। ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਵੀਡੀਓ ਵਿੱਚ ਲੋਕਾਂ ਨੂੰ ਜਾਨ ਬਚਾਉਣ ਲਈ ਭੱਜਦੇ ਦੇਖਿਆ ਜਾ ਸਕਦਾ ਹੈ।

ਇਲੀਨੋਇਸ ਸੂਬੇ ਦੇ ਬਲੂਮਿੰਗਟਨ ਵਿੱਚ ਐਤਵਾਰ ਤੜਕੇ ਹੋਈ ਗੋਲੀਬਾਰੀ ਵਿੱਚ 19 ਸਾਲਾ ਲੜਕੀ ਦੀ ਮੌਤ ਹੋ ਗਈ, ਜਦਕਿ ਇੱਕ ਹੋਰ ਔਰਤ ਦੀ ਹਾਲਤ ਗੰਭੀਰ ਹੈ। ਛੇ ਹੋਰ ਵਿਅਕਤੀਆਂ ਨੂੰ ਵੀ ਸੱਟਾਂ ਲੱਗੀਆਂ ਹਨ, ਹਾਲਾਂਕਿ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਨ੍ਹਾਂ ਨੂੰ ਗੋਲੀਆਂ ਲੱਗੀਆਂ ਸਨ ਜਾਂ ਨਹੀਂ। ਇਹ ਘਟਨਾ ਇਲੀਨੋਇਸ ਵੇਸਲੀਅਨ ਯੂਨੀਵਰਸਿਟੀ ਦੇ ਕੈਂਪਸ ਨੇੜੇ ਵਾਪਰੀ।

ਅਰਕਾਨਸਾਸ ਦੇ ਫੇਅਟਵਿਲੇ ਵਿੱਚ ਵੀ ਐਤਵਾਰ ਤੜਕੇ ਗੋਲੀਬਾਰੀ ਵਿੱਚ ਛੇ ਵਿਅਕਤੀਆਂ ਨੂੰ ਗੋਲੀਆਂ ਲੱਗੀਆਂ ਅਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਪੁਲੀਸ ਨੇ ਦੱਸਿਆ ਕਿ ਅਜੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਮੁੱਢਲੀ ਜਾਂਚ ਮੁਤਾਬਕ ਗੋਲੀਬਾਰੀ ਤੋਂ ਪਹਿਲਾਂ ਕੁਝ ਲੋਕਾਂ ਵਿਚਾਲੇ ਝਗੜਾ ਹੋਇਆ ਸੀ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਅਤੇ ਮਿਸ਼ੀਗਨ ਵਿੱਚ 'ਸਪਿਰਿਟ ਹੈਲੋਵੀਨ' ਸਟੋਰਾਂ 'ਤੇ ਹੋਈਆਂ ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ। ਕੈਲੀਫੋਰਨੀਆ ਦੇ ਫੇਅਰਫੀਲਡ ਵਿੱਚ ਇੱਕ ਇਨਡੋਰ ਸ਼ਾਪਿੰਗ ਮਾਲ ਦੇ ਸਟੋਰ ਅੰਦਰ ਹੋਈ ਗੋਲੀਬਾਰੀ ਨੂੰ ਪੁਲੀਸ ਨੇ ਨਿਸ਼ਾਨਾ ਬਣਾ ਕੇ ਕੀਤਾ ਹਮਲਾ ਦੱਸਿਆ। ਇਸ ਵਿੱਚ 31 ਸਾਲਾ ਔਰਤ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖ਼ਮੀ ਹੋ ਗਏ। ਉਸ ਦੇ ਪਰਿਵਾਰਕ ਮੈਂਬਰਾਂ ਨੇ ਪੁਲੀਸ ਨੂੰ ਦੱਸਿਆ ਕਿ ਮ੍ਰਿਤਕ ਔਰਤ ਗਰਭਵਤੀ ਸੀ। ਮਿਸ਼ੀਗਨ ਦੇ ਮੈਡੀਸਨ ਹਾਈਟਸ ਵਿੱਚ ਸ਼ੁੱਕਰਵਾਰ ਦੁਪਹਿਰ ਨੂੰ 21 ਸਾਲਾ ਨੌਜਵਾਨ ਦੀ ਸਪਿਰਿਟ ਹੈਲੋਵੀਨ ਸਟੋਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਦੱਸਿਆ ਕਿ ਹਿਰਾਸਤ ਵਿੱਚ ਲਏ ਜਾਣ ਸਮੇਂ ਇੱਕ ਹੋਰ ਵਿਅਕਤੀ 'ਤੇ ਉੱਥੇ ਮੌਜੂਦ ਲੋਕਾਂ ਨੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਨੂੰ ਵੀ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਸਨ।

ਕੈਨੇਡਾ ਦੇ ਇਮੀਗ੍ਰੇਸ਼ਨ ਟੀਚਿਆਂ 'ਚ ਮੁੜ ਹੋ ਸਕਦੈ ਬਦਲਾਅ

ਵੀਰਵਾਰ ਨੂੰ ਬਜਟ 'ਚ ਵੱਡਾ ਐਲਾਨ ਕਰਨਗੇ ਪ੍ਰਧਾਨ ਮੰਤਰੀ ਕਾਰਨੀ



ਕੈਨੇਡਾ (ਬਲਜਿੰਦਰ ਸੇਖਾ) : ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀਰਵਾਰ ਨੂੰ ਪੇਸ਼ ਹੋਣ ਵਾਲੇ ਫੈਡਰਲ ਬਜਟ ਦੌਰਾਨ ਦੇਸ਼ ਦੇ ਇਮੀਗ੍ਰੇਸ਼ਨ ਟੀਚਿਆਂ ਵਿੱਚ ਸੋਧ ਬਾਰੇ ਐਲਾਨ ਕਰ ਸਕਦੇ ਹਨ। ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਨੇ ਘਰਾਂ ਦੀ ਵਧਦੀ ਕੀਮਤ, ਰਿਹਾਇਸ਼ ਦੀ ਘਾਟ ਅਤੇ ਜਨਤਕ ਸੇਵਾਵਾਂ 'ਤੇ ਵਧ ਰਹੇ ਦਬਾਅ ਨੂੰ ਦੇਖਦਿਆਂ ਇਮੀਗ੍ਰੇਸ਼ਨ ਟੀਚਿਆਂ ਵਿੱਚ ਕਟੌਤੀ ਕੀਤੀ ਸੀ।

ਹਾਲਾਂਕਿ, ਪ੍ਰਧਾਨ ਮੰਤਰੀ ਕਾਰਨੀ ਨੇ ਹਾਲ ਹੀ ਵਿੱਚ ਸੰਕੇਤ ਦਿੱਤੇ ਹਨ ਕਿ ਆਬਾਦੀ ਦੇ ਵਾਧੇ ਦੀ ਰਫ਼ਤਾਰ ਹੌਲੀ ਹੋਣ ਕਾਰਨ ਕੈਨੇਡਾ ਭਵਿੱਖ ਵਿੱਚ ਯੋਜਨਾਬੱਧ ਅਤੇ ਨਿਯੰਤਰਿਤ ਢੰਗ ਨਾਲ ਇਮੀਗ੍ਰੇਸ਼ਨ ਵਿੱਚ ਮੁੜ ਵਾਧਾ ਕਰ ਸਕਦਾ ਹੈ। ਨਵੇਂ ਇਮੀਗ੍ਰੇਸ਼ਨ ਟੀਚਿਆਂ ਬਾਰੇ ਬਜਟ ਵਿੱਚ ਕੀ ਐਲਾਨ ਹੁੰਦਾ ਹੈ, ਇਸ 'ਤੇ ਨਵੇਂ ਆਉਣ ਵਾਲੇ ਪ੍ਰਵਾਸੀਆਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਕੈਨੇਡਾ ਵਿੱਚ ਪੱਕੇ ਹੋਣ ਦੀ ਉਡੀਕ ਕਰ ਰਹੇ ਲੋਕਾਂ ਦੀਆਂ ਨਜ਼ਰਾਂ ਰਹਿਣਗੀਆਂ।

ਮੌਜੂਦਾ ਯੋਜਨਾ ਅਨੁਸਾਰ ਕੈਨੇਡਾ ਵਿੱਚ 2026 ਤੋਂ 2028 ਤੱਕ ਹਰ ਸਾਲ 3 ਲੱਖ 80 ਹਜ਼ਾਰ ਪੱਕੇ ਪ੍ਰਵਾਸੀਆਂ ਨੂੰ ਦਾਖ਼ਲਾ ਦੇਣ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਦਾ ਟੀਚਾ ਅਸਥਾਈ ਨਿਵਾਸੀਆਂ ਦੀ ਗਿਣਤੀ ਦੇਸ਼ ਦੀ ਕੁੱਲ ਆਬਾਦੀ ਦੇ 5 ਫ਼ੀਸਦੀ ਤੋਂ ਹੇਠਾਂ ਲਿਆਉਣਾ ਹੈ। ਅੰਕੜਿਆਂ ਮੁਤਾਬਕ ਜੁਲਾਈ 2026 ਵਿੱਚ ਇਹ ਹਿੱਸਾ 6.7 ਫ਼ੀਸਦੀ ਸੀ। ਸਰਕਾਰ ਵੱਲੋਂ ਨਵੇਂ ਟੀਚਿਆਂ ਦੇ ਅਧਿਕਾਰਤ ਅੰਕੜੇ 5 ਨਵੰਬਰ ਨੂੰ ਬਜਟ ਪੇਸ਼ ਹੋਣ ਸਮੇਂ ਸਾਹਮਣੇ ਆਉਣਗੇ।

ਅਮਰੀਕਾ 'ਚ ਸਿੱਖ ਨੌਜਵਾਨ ਜੋਤ ਸਿੰਘ ਨੇ ਰਚਿਆ ਇਤਿਹਾਸ

ਜਾਰਜੀਆ ਹਾਊਸ ਦੀ ਸੀਟ ਜਿੱਤੀ



ਅਮਰੀਕਾ ਵਿੱਚ 27 ਸਾਲਾ ਸਿੱਖ ਨੌਜਵਾਨ ਜੋਤ ਸਿੰਘ ਨੇ ਵੱਡੀ ਪ੍ਰਾਪਤੀ ਹਾਸਲ ਕਰਦਿਆਂ ਇਤਿਹਾਸ ਰਚ ਦਿੱਤਾ ਹੈ। ਯੇਲ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਵਾਲੇ ਜੋਤ ਸਿੰਘ ਜਾਰਜੀਆ ਸਟੇਟ ਅਸੈਂਬਲੀ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਅਤੇ ਭਾਰਤੀ ਮੂਲ ਦੇ ਅਮਰੀਕੀ ਬਣ ਗਏ ਹਨ। ਡੈਮੋਕ੍ਰੇਟਿਕ ਪਾਰਟੀ ਵੱਲੋਂ ਚੋਣ ਲੜਦਿਆਂ ਜੋਤ ਸਿੰਘ ਨੇ 3 ਨਵੰਬਰ ਨੂੰ ਡਿਸਟ੍ਰਿਕਟ 97 ਤੋਂ ਰਿਪਬਲਿਕਨ ਉਮੀਦਵਾਰ ਯਾਸੀਨ ਮੋਗਾਜ਼ੀ ਨੂੰ ਹਰਾ ਕੇ ਜਾਰਜੀਆ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਦੀ ਸੀਟ 'ਤੇ ਕਬਜ਼ਾ ਕੀਤਾ ਹੈ। ਉਨ੍ਹਾਂ ਦੇ ਚੋਣ ਹਲਕੇ ਵਿੱਚ ਡੂਲੂਥ, ਪੀਚਟ੍ਰੀ ਕਾਰਨਰਜ਼, ਨੋਰਕਰਾਸ ਅਤੇ ਗਵਿਨੇਟ ਕਾਊਂਟੀ ਦੀ ਬਰਕਲੇ ਲੇਕ ਦੇ ਇਲਾਕੇ ਆਉਂਦੇ ਹਨ।

ਭਾਰਤ ਤੋਂ ਅਮਰੀਕਾ ਗਏ ਸਿੱਖ ਪਰਵਾਸੀਆਂ ਦੇ ਘਰ ਜਨਮੇ ਜੋਤ ਸਿੰਘ ਨੇ ਬਚਪਨ ਵਿੱਚ ਕਾਫੀ ਸੰਘਰਸ਼ ਕੀਤਾ ਹੈ। ਉਹ ਨੋਰਕਰਾਸ ਵਿੱਚ ਇੱਕ ਸਧਾਰਨ ਕਾਮੇ ਪਰਿਵਾਰ ਵਿੱਚ ਪਲੇ-ਵੱਡੇ ਹੋਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਬੇਸਮੈਂਟ ਵਾਲੇ ਘਰਾਂ ਵਿੱਚ ਵੀ ਰਿਹਾ ਅਤੇ ਉਨ੍ਹਾਂ ਨੇ ਆਪਣੇ ਪਰਿਵਾਰ ਦਾ ਸਹਾਰਾ ਬਣਨ ਲਈ ਮਹਿਜ਼ 15 ਸਾਲ ਦੀ ਉਮਰ ਵਿੱਚ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਜੋਤ ਸਿੰਘ ਨੇ ਗਵਿਨੇਟ ਸਕੂਲ ਆਫ਼ ਮੈਥੇਮੈਟਿਕਸ, ਸਾਇੰਸ ਐਂਡ ਟੈਕਨਾਲੋਜੀ ਤੋਂ ਮੁੱਢਲੀ ਸਿੱਖਿਆ ਲੈਣ ਮਗਰੋਂ 2021 ਵਿੱਚ ਯੇਲ ਯੂਨੀਵਰਸਿਟੀ ਤੋਂ ਗਲੋਬਲ ਅਫੇਅਰਜ਼ ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਨੇ 'ਬਲੂ ਹਸਕੀ ਗਰੁੱਪ' ਨਾਂ ਦੀ ਸਲਾਹਕਾਰ ਕੰਪਨੀ ਬਣਾਈ ਅਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜ ਕੇ ਕੰਮ ਕੀਤਾ। ਚੋਣਾਂ ਵਿੱਚ ਉਨ੍ਹਾਂ ਦਾ ਮੁੱਖ ਏਜੰਡਾ ਸਸਤੇ ਮਕਾਨ, ਵਧੀਆ ਸਿਹਤ ਸਹੂਲਤਾਂ, ਸਰਕਾਰੀ ਸਿੱਖਿਆ, ਪਰਵਾਸੀਆਂ ਦੇ ਹੱਕ ਅਤੇ ਆਮ ਲੋਕਾਂ ਦੀਆਂ ਆਰਥਿਕ ਮੁਸ਼ਕਲਾਂ ਹੱਲ ਕਰਨਾ ਰਿਹਾ ਹੈ।

ਉਨ੍ਹਾਂ ਦੀ ਇਹ ਜਿੱਤ ਅਮਰੀਕਾ ਦੀ ਰਾਜਨੀਤੀ ਵਿੱਚ ਸਿੱਖਾਂ ਅਤੇ ਭਾਰਤੀ ਭਾਈਚਾਰੇ ਦੀ ਵਧਦੀ ਤਾਕਤ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਚੋਣ ਮੁਹਿੰਮ ਨੂੰ ਭਾਈਚਾਰੇ ਦੀਆਂ ਜਥੇਬੰਦੀਆਂ ਅਤੇ ਅਮਰੀਕੀ ਸੰਸਦ ਮੈਂਬਰ ਰੋਅ ਖੰਨਾ ਸਮੇਤ ਕਈ ਭਾਰਤੀ-ਅਮਰੀਕੀ ਆਗੂਆਂ ਦਾ ਸਾਥ ਮਿਲਿਆ। ਇਸ ਚੋਣ ਨੂੰ ਅਮਰੀਕਾ ਦੀ ਰਾਜਨੀਤੀ ਵਿੱਚ ਪਰਵਾਸੀਆਂ ਦੀ ਨੁਮਾਇੰਦਗੀ ਪੱਖੋਂ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਜੋਤ ਸਿੰਘ ਦੀ ਚੋਣ ਮੁਹਿੰਮ ਦੌਰਾਨ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੂੰਜਦੇ ਰਹੇ। ਜਿੱਤ ਮਗਰੋਂ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ, "ਅਖੀਰ ਮੈਂ ਆਪਣੀ ਜਾਣ-ਪਛਾਣ ਕਰਵਾਉਂਦਾ ਹਾਂ। ਮੈਂ ਜੋਤ ਸਿੰਘ ਹਾਂ, ਤੁਹਾਡਾ ਨਵਾਂ ਚੁਣਿਆ ਗਿਆ ਸਟੇਟ ਰਿਪ੍ਰੈਜ਼ੈਂਟੇਟਿਵ। ਅਸੀਂ ਇੱਥੇ ਡਿਸਟ੍ਰਿਕਟ 97 ਵਿੱਚ ਆਪਣੇ ਭਾਈਚਾਰੇ ਲਈ ਇਤਿਹਾਸ ਸਿਰਜ ਦਿੱਤਾ ਹੈ ਅਤੇ ਇਹ ਸਭ ਤੁਹਾਡੇ ਸਾਰਿਆਂ ਕਰਕੇ ਹੀ ਸੰਭਵ ਹੋਇਆ ਹੈ।"

ਕਰਾਰੀ ਹਾਰ ਤੋਂ ਬਾਅਦ ਪੱਲਾ ਝਾੜਦੇ ਨਜ਼ਰ ਆਏ ਡੋਨਾਲਡ ਟਰੰਪ

ਦੂਜਿਆਂ 'ਤੇ ਮੜ੍ਹਿਆ ਠੀਕਰਾ



ਅਮਰੀਕੀ ਮੱਧ-ਕਾਲੀ ਚੋਣਾਂ ਵਿੱਚ ਰਿਪਬਲੀਕਨ ਪਾਰਟੀ ਨੂੰ ਮਿਲੀ ਕਰਾਰੀ ਹਾਰ ਤੋਂ ਬਾਅਦ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਸ ਦੀ ਜ਼ਿੰਮੇਵਾਰੀ ਲੈਣ ਤੋਂ ਸਾਫ਼ ਇਨਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਖ਼ੁਦ ਧੁੰਆਂਧਾਰ ਸਭਾਵਾਂ ਕੀਤੀਆਂ ਸਨ ਅਤੇ ਵੋਟਰਾਂ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਹੀ ਉਮੀਦਵਾਰ ਸਮਝ ਕੇ ਵੋਟ ਪਾਉਣ, ਪਰ ਹਾਰ ਮਗਰੋਂ ਹੁਣ ਉਹ ਇਸ ਦਾ ਠੀਕਰਾ ਦੂਜਿਆਂ ਦੇ ਸਿਰ ਭੰਨ ਰਹੇ ਹਨ।

ਇਨ੍ਹਾਂ ਚੋਣ ਨਤੀਜਿਆਂ ਕਾਰਨ ਅਮਰੀਕੀ ਸੰਸਦ (ਕਾਂਗਰਸ) ਵਿੱਚ ਡੈਮੋਕ੍ਰੇਟਿਕ ਪਾਰਟੀ ਦਾ ਦਬਦਬਾ ਮੁੜ ਕਾਇਮ ਹੋ ਗਿਆ ਹੈ। ਡੈਮੋਕ੍ਰੇਟਸ ਨੇ ਉਨ੍ਹਾਂ ਕਈ ਸੀਟਾਂ 'ਤੇ ਵੀ ਜਿੱਤ ਦਰਜ ਕੀਤੀ ਹੈ ਜਿਨ੍ਹਾਂ ਨੂੰ ਰਿਪਬਲੀਕਨ ਪਾਰਟੀ ਦ

ਪੰਜਾਬ ਸਟਾਰ
www.punjabstar.com

ਲੁਧਿਆਣਾ ਜ਼ਿਲ੍ਹਾ ਅਦਾਲਤ ਨੂੰ ਬੰਬ ਨਾਲ ਉਡਾਉਣਦੀ ਧਮਕੀ

ਕੋਰਟ ਨੂੰ ਭੇਜੀ ਗਈ ਈਮੇਲ



ਲੁਧਿਆਣਾ ਜ਼ਿਲ੍ਹਾ ਅਦਾਲਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਬੁੱਧਵਾਰ 4 ਨਵੰਬਰ ਨੂੰ ਭੇਜੀ ਗਈ ਇੱਕ ਈਮੇਲ ਵਿੱਚ ਦੁਪਹਿਰ 2:11 ਵਜੇ ਜ਼ਿਲ੍ਹਾ ਅਦਾਲਤ ਕੰਪਲੈਕਸ ਵਿੱਚ ਇੱਕ IED ਵਿਸਫੋਟ ਕਰਨ ਦੀ ਧਮਕੀ ਦਿੱਤੀ ਗਈ ਹੈ। ਈਮੇਲ ਵਿੱਚ ਕੋਰਟ ਨੂੰ ਨਿਸ਼ਾਨਾ ਬਣਾਉਣ ਦੇ ਨਾਲ-ਨਾਲ ਸਕੂਲਾਂ ਵਿੱਚ ਬੰਬ ਧਮਾਕੇ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ ਹੈ।

ਈਮੇਲ ਵਿੱਚ ਦਿਲਜੀਤ ਦੋਸਾਂਝ ਅਤੇ ਰਾਹੁਲ ਗਾਂਧੀ ਦਾ ਨਾਮ ਲੈ ਕੇ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਨੂੰ ਵੀ ਧਮਕੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਈਮੇਲ ਵਿੱਚ ਸਕੂਲਾਂ ਲਈ ਦੁਪਹਿਰ 1:11 ਵਜੇ ਦਾ ਸਮਾਂ ਦੱਸਿਆ ਗਿਆ ਹੈ, ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਸੁਰੱਖਿਆ ਬਾਰੇ ਚੇਤਾਵਨੀ ਦਿੱਤੀ ਗਈ ਹੈ। ਸੂਚਨਾ ਮਿਲਦੇ ਹੀ ਪੁਲਿਸ ਜਾਂਚ ਏਜੰਸੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਦਿੰਦੇ ਹੋਏ ਵਕੀਲ ਚਰਨਜੀਤ ਕੌਰ ਸੇਖੋਂ ਨੇ ਕਿਹਾ ਕਿ ਅੱਜ ਸੈਸ਼ਨ ਜੱਜ ਦੇ ਈਮੇਲ ਪਤੇ 'ਤੇ ਬੰਬ ਦੀ ਧਮਕੀ ਮਿਲੀ ਹੈ। ''ਅਸੀਂ ਜੱਜ ਸਾਹਿਬ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਕਾਰਵਾਈ ਕਰ ਰਹੀ ਹੈ। ਚਿੰਤਾ ਵਾਲੀ ਕੋਈ ਗੱਲ ਨਹੀਂ ਹੈ। ਪਹਿਲਾਂ ਵੀ ਕਈ ਵਾਰ ਧਮਕੀਆਂ ਮਿਲੀਆਂ ਹਨ। ਵਕੀਲਾਂ ਨੇ ਅੱਜ ਨੋ-ਵਰਕ ਡੇ ਨਹੀਂ ਕੀਤਾ ਹੈ, ਸਾਰਾ ਕੰਮ ਆਮ ਵਾਂਗ ਚੱਲ ਰਿਹਾ ਹੈ।''

ਏਅੈਸਆਈ ਮਲਕੀਤ ਸਿੰਘ ਨੇ ਕਿਹਾ ਕਿ ਰੁਟੀਨ ਚੈਕਿੰਗ ਕੀਤੀ ਜਾ ਰਹੀ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ, ਬੰਬ ਸਕੁਐਡ ਅਕਸਰ ਸਰਗਰਮ ਹੁੰਦਾ ਹੈ। ਧਮਕੀ 'ਤੇ ਸਿਰਫ਼ ਸੀਨੀਅਰ ਅਧਿਕਾਰੀ ਹੀ ਟਿੱਪਣੀ ਕਰ ਸਕਦੇ ਹਨ। ਅੱਜ ਪਾਰਕਿੰਗ ਸਥਾਨਾਂ ਦੀ ਵੀ ਤਲਾਸ਼ੀ ਲਈ ਜਾ ਰਹੀ ਹੈ। ਹਰੇਕ ਗੇਟ 'ਤੇ ਦੋ ਤੋਂ ਤਿੰਨ ਅਧਿਕਾਰੀ ਤਾਇਨਾਤ ਹਨ।

ਸਿੱਖ ਕਤਲੇਆਮ ਭਾਰਤ ਦੀ ਰੂਹ 'ਤੇ ਕਾਲਾ ਧੱਬਾ, ਸਿੱਖ ਕਦੇ ਨਾ ਭੁੱਲਣ ਇਹ ਜ਼ਖ਼ਮ: ਰਵੀ ਸ਼ੰਕਰ ਪ੍ਰਸਾਦ



ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ 1984 ਦੇ ਸਿੱਖ ਕਤਲੇਆਮ ਨੂੰ ਦੇਸ਼ ਦੀ ਰੂਹ 'ਤੇ ਇੱਕ ਨਾ ਮਿਟਣ ਵਾਲਾ ਕਾਲਾ ਧੱਬਾ ਕਰਾਰ ਦਿੱਤਾ ਹੈ। ਚੰਡੀਗੜ੍ਹ ਵਿਖੇ ਪਾਰਟੀ ਵੱਲੋਂ ਕਰਵਾਏ ਗਏ 'ਜ਼ਖ਼ਮ 84' ਕਨਕਲੇਵ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਦੇ 'ਜਦੋਂ ਵੱਡਾ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ' ਵਾਲੇ ਬਿਆਨ 'ਤੇ ਸਿੱਧੇ ਸਵਾਲ ਕੀਤੇ। ਉਨ੍ਹਾਂ ਪੁੱਛਿਆ ਕਿ ਗਾਂਧੀ ਪਰਿਵਾਰ ਨੇ ਇਸ ਵਹਿਸ਼ੀਆਨਾ ਕਤਲੇਆਮ ਲਈ ਅੱਜ ਤੱਕ ਦੇਸ਼ ਅਤੇ ਸਿੱਖ ਕੌਮ ਤੋਂ ਮੁਆਫ਼ੀ ਕਿਉਂ ਨਹੀਂ ਮੰਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਕੌਮ ਨੂੰ 1984 ਦੇ ਇਹ ਜ਼ਖ਼ਮ ਕਦੇ ਨਹੀਂ ਭੁੱਲਣੇ ਚਾਹੀਦੇ ਅਤੇ ਰਾਹੁਲ ਗਾਂਧੀ ਨੂੰ ਅੱਜ ਪੰਜਾਬ ਦੀ ਧਰਤੀ ਸੰਗਰੂਰ ਵਿੱਚ ਰੈਲੀ ਕਰਦਿਆਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਭਾਜਪਾ ਆਗੂਆਂ ਨੇ ਰਾਹੁਲ ਗਾਂਧੀ ਨੂੰ 1984 ਦੇ ਕਤਲੇਆਮ 'ਤੇ ਜਨਤਕ ਬਹਿਸ ਕਰਨ ਦੀ ਖੁੱਲ੍ਹੀ ਚੁਣੌਤੀ ਦਿੱਤੀ। ਭਾਜਪਾ ਆਗੂ ਆਰ.ਪੀ. ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਚੋਣ ਸੁਧਾਰਾਂ 'ਤੇ ਬਹਿਸ ਕਰਨ ਦੇ ਸ਼ੌਕੀਨ ਹਨ, ਪਰ ਉਨ੍ਹਾਂ ਨੂੰ ਰਵੀ ਸ਼ੰਕਰ ਪ੍ਰਸਾਦ, ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਜਾਂ ਪੀੜਤ ਬੀਬੀ ਨਿਰਪ੍ਰੀਤ ਕੌਰ ਵਿੱਚੋਂ ਕਿਸੇ ਵੀ ਇੱਕ ਨਾਲ ਖੁੱਲ੍ਹੇ ਮੰਚ 'ਤੇ ਬਹਿਸ ਕਰਨੀ ਚਾਹੀਦੀ ਹੈ। ਪ੍ਰਸਾਦ ਨੇ ਕਿਹਾ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਜ਼ਿੰਦਾ ਸਾੜਿਆ ਤੇ ਕਤਲ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸੂਚਨਾ ਤੇ ਪ੍ਰਸਾਰਨ ਮੰਤਰੀ ਹੁੰਦਿਆਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਰਾਜੀਵ ਗਾਂਧੀ ਦੇ ਵਿਵਾਦਤ ਬਿਆਨ ਵਾਲੀ ਵੀਡੀਓ ਦੂਰਦਰਸ਼ਨ ਦੇ ਪੁਰਾਲੇਖ (ਆਰਕਾਈਵਜ਼) ਵਿੱਚੋਂ ਗ਼ਾਇਬ ਕਰ ਦਿੱਤੀ ਗਈ ਸੀ, ਜਿਸ ਨੂੰ ਬਾਅਦ ਵਿੱਚ ਸਖ਼ਤ ਹਦਾਇਤਾਂ ਦੇ ਕੇ ਬਰਾਮਦ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਏਅਰ ਮਾਰਸ਼ਲ ਅਰਜਨ ਸਿੰਘ ਅਤੇ ਆਈ.ਕੇ. ਗੁਜਰਾਲ ਵਰਗੀਆਂ ਸਤਿਕਾਰਤ ਸ਼ਖ਼ਸੀਅਤਾਂ ਨੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੇ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੂੰ ਫ਼ੌਜ ਬੁਲਾਉਣ ਦੀ ਬੇਨਤੀ ਕੀਤੀ ਸੀ, ਪਰ ਉਸ ਵੇਲੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਕਨਕਲੇਵ ਦੌਰਾਨ ਆਰ.ਪੀ. ਸਿੰਘ ਨੇ ਕਿਹਾ ਕਿ ਪੀੜਤਾਂ ਅਤੇ ਸਿੱਖ ਨੁਮਾਇੰਦਿਆਂ ਨੇ ਰਾਹੁਲ ਗਾਂਧੀ ਨੂੰ 1 ਨਵੰਬਰ ਨੂੰ ਦਿੱਲੀ ਵਿੱਚ ਰੈਲੀ ਨਾ ਕਰਨ ਦੀ ਅਪੀਲ ਕੀਤੀ ਸੀ ਕਿਉਂਕਿ ਇਸੇ ਦਿਨ 42 ਸਾਲ ਪਹਿਲਾਂ ਕਤਲੇਆਮ ਸ਼ੁਰੂ ਹੋਇਆ ਸੀ, ਪਰ ਕਾਂਗਰਸ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕਾਂਗਰਸ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਨੂੰ ਪਾਰਟੀ ਵਿੱਚੋਂ ਬਾਹਰ ਨਹੀਂ ਕੱਢਦੀ, ਉਸ ਨੂੰ 'ਇਨਸਾਫ਼ ਰੈਲੀ' ਕਰਨ ਦਾ ਕੋਈ ਇਖ਼ਲਾਕੀ ਹੱਕ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਟਾਈਟਲਰ ਨੇ ਪੁਲ ਬੰਗਸ਼ ਗੁਰਦੁਆਰਾ ਸਾਹਿਬ ਬਾਹਰ ਭੀੜ ਦੀ ਅਗਵਾਈ ਕੀਤੀ ਅਤੇ ਕਮਲ ਨਾਥ ਗੁਰਦੁਆਰਾ ਰਕਾਬ ਗੰਜ ਸਾਹਿਬ ਬਾਹਰ ਮੌਜੂਦ ਸਨ, ਜਿੱਥੇ ਪਾਣੀ ਤੇ ਲੰਗਰ ਦੀ ਸੇਵਾ ਕਰ ਰਹੇ ਸੋਹਣ ਸਿੰਘ ਤੇ ਅਵਤਾਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਸੈਮ ਪਿਤਰੋਦਾ ਦੇ 'ਜੋ ਹੋਇਆ ਸੋ ਹੋਇਆ' ਵਾਲੇ ਬਿਆਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਕਾਂਗਰਸ ਦੀ ਸਿੱਖਾਂ ਪ੍ਰਤੀ ਅਸਲ ਮਾਨਸਿਕਤਾ ਨੂੰ ਦਰਸਾਉਂਦਾ ਹੈ।ਭਾਜਪਾ ਆਗੂ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਦਿੱਲੀ ਵਿੱਚ ਜੋ ਵਾਪਰਿਆ ਉਹ ਦੰਗੇ ਨਹੀਂ ਸਗੋਂ ਯੋਜਨਾਬੱਧ ਨਸਲਕੁਸ਼ੀ ਸੀ। ਉਨ੍ਹਾਂ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ 31 ਅਕਤੂਬਰ 1984 ਦੀ ਅੱਧੀ ਰਾਤ ਤੱਕ 5,000 ਫ਼ੌਜੀ ਜਵਾਨ ਤਿਆਰ ਸਨ, ਪਰ ਉਨ੍ਹਾਂ ਨੂੰ ਕਾਰਵਾਈ ਦੀ ਹਰੀ ਝੰਡੀ ਨਹੀਂ ਦਿੱਤੀ ਗਈ। ਢਿੱਲੋਂ ਨੇ ਸਵਾਲ ਕੀਤਾ ਕਿ ਰਾਹੁਲ ਗਾਂਧੀ ਸੰਗਰੂਰ ਰੈਲੀ ਵਿੱਚ ਕਿਸ ਨੂੰ ਇਨਸਾਫ਼ ਦੇਣ ਦੀ ਗੱਲ ਕਰ ਰਹੇ ਹਨ। ਪ੍ਰਸਾਦ ਨੇ ਅੱਗੇ ਕਿਹਾ ਕਿ ਮਨਮੋਹਨ ਸਿੰਘ ਸਰਕਾਰ ਦੌਰਾਨ ਦੋਸ਼ੀਆਂ ਖ਼ਿਲਾਫ਼ ਸੁਹਿਰਦਤਾ ਨਾਲ ਕੇਸ ਨਹੀਂ ਲੜੇ ਗਏ ਅਤੇ ਨਰਿੰਦਰ ਮੋਦੀ ਸਰਕਾਰ ਬਣਨ ਤੋਂ ਬਾਅਦ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੇ ਗਠਨ ਮਗਰੋਂ ਹੀ ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਮਿਲੀਆਂ ਅਤੇ ਟਾਈਟਲਰ ਖ਼ਿਲਾਫ਼ ਦੋਸ਼ ਤੈਅ ਹੋ ਸਕੇ। ਉਨ੍ਹਾਂ ਕਿਹਾ ਕਿ ਹੱਥ ਵਿੱਚ ਸੰਵਿਧਾਨ ਚੁੱਕ ਕੇ ਘੁੰਮਣ ਵਾਲੇ ਰਾਹੁਲ ਗਾਂਧੀ 1984 ਵਿੱਚ ਮਾਰੇ ਗਏ ਸਿੱਖਾਂ ਦੇ ਜਿਊਣ ਦੇ ਅਧਿਕਾਰ (ਧਾਰਾ 21) ਬਾਰੇ ਚੁੱਪ ਕਿਉਂ ਹਨ। ਉਨ੍ਹਾਂ ਕਿਹਾ ਕਿ ਇਹ ਜ਼ਖ਼ਮ ਉਦੋਂ ਹੀ ਭਰਨਗੇ ਜਦੋਂ ਹਰ ਦੋਸ਼ੀ ਨੂੰ ਸਜ਼ਾ ਮਿਲੇਗੀ।

'ਆਪ' ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਘਰ ED ਦੀ ਰੇਡ!

ਮੋਗਾ: ਪੰਜਾਬ ਦੀ ਸਿਆਸਤ ਨਾਲ ਜੁੜੀ ਇਸ ਵੇਲੇ ਦੀ ਵੱਡੀ ਖ਼ਬਰ ਮੋਗਾ ਤੋਂ ਸਾਹਮਣੇ ਆ ਰਹੀ ਹੈ। ਆਮ ਆਦਮੀ ਪਾਰਟੀ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਘਰ ਇਨਫੋਰਸਮੈਂਟ ਡਾਇਰੈਕਟੋਰੇਟ ਯਾਨੀ ਓਧ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਜਾਣਕਾਰੀ ਮੁਤਾਬਕ, ਬੁੱਧਵਾਰ ਸਵੇਰੇ ਹੀ ਓਧ ਦੀ ਟੀਮ ਮੋਗਾ ਸਥਿਤ ਉਨ੍ਹਾਂ ਦੇ ਘਰ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਦੱਸ ਦੇਈਏ ਕਿ ਡਾ. ਅਮਨਦੀਪ ਕੌਰ ਅਰੋੜਾ ਮੋਗਾ ਤੋਂ ਆਮ ਆਦਮੀ ਪਾਰਟੀ ਦੀ ਮੌਜੂਦਾ ਵਿਧਾਇਕ ਹਨ। ਇਸ ਦੇ ਨਾਲ ਹੀ ਉਹ ਪੰਜਾਬ ਵਿੱਚ ਪਾਰਟੀ ਦੀ ਮਹਿਲਾ ਵਿੰਗ ਦੀ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਨਿਭਾ ਰਹੇ ਹਨ। ਇਸ ਪੂਰੇ ਮਾਮਲੇ ਨੂੰ ਲੈ ਕੇ ਸਿਆਸੀ ਚਰਚਾਵਾਂ ਇਸ ਲਈ ਵੀ ਤੇਜ਼ ਹੋ ਗਈਆਂ ਹਨ, ਕਿਉਂਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਜਾਰੀ ਕੀਤੀ ਗਈ ਪਹਿਲੀ ਉਮੀਦਵਾਰ ਸੂਚੀ ਵਿੱਚ ਡਾ. ਅਮਨਦੀਪ ਕੌਰ ਅਰੋੜਾ ਨੂੰ ਮੁੜ ਮੋਗਾ ਤੋਂ ਟਿਕਟ ਦਿੱਤੀ ਗਈ ਹੈ। ਹਾਲਾਂਕਿ, ਓਧ ਦੀ ਇਸ ਕਾਰਵਾਈ ਪਿੱਛੇ ਕੀ ਕਾਰਨ ਹੈ ਅਤੇ ਕਿਹੜੇ ਮਾਮਲੇ ਨੂੰ ਲੈ ਕੇ ਜਾਂਚ ਕੀਤੀ ਜਾ ਰਹੀ ਹੈ, ਇਸ ਬਾਰੇ ਅਜੇ ਤੱਕ ਕੋਈ ਵਿਸਥਾਰਪੂਰਵਕ ਅਧਿਕਾਰਤ ਜਾਣਕਾਰੀ ਸਾਹਮਣੇ ਨਹੀਂ ਆਈ।

ਉੱਧਰ, ਆਮ ਆਦਮੀ ਪਾਰਟੀ ਜਾਂ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਵੀ ਇਸ ਕਾਰਵਾਈ ਨੂੰ ਲੈ ਕੇ ਕੋਈ ਵਿਸਥਾਰਪੂਰਵਕ ਬਿਆਨ ਸਾਹਮਣੇ ਨਹੀਂ ਆਇਆ। ਫਿਲਹਾਲ ਸਾਰਿਆਂ ਦੀਆਂ ਨਜ਼ਰਾਂ ਓਧ ਦੀ ਜਾਂਚ ਅਤੇ ਇਸ ਮਾਮਲੇ ਵਿੱਚ ਆਉਣ ਵਾਲੇ ਅਗਲੇ ਅਪਡੇਟ 'ਤੇ ਟਿਕੀਆਂ ਹੋਈਆਂ ਹਨ।

ਇੰਗਲੈਂਡ 'ਚ ਘਰ ਨੂੰ ਅੱਗ ਲੱਗਣ ਕਾਰਨ ਪੰਜਾਬ ਦੀ ਮਹਿਲਾ ਡਾਕਟਰ ਦੀ ਮੌਤ; ਪਿਤਾ ਨੇ ਲਾਏ ਕਤਲ ਦੇ ਦੋਸ਼




ਇੰਗਲੈਂਡ ਵਿੱਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਕਾਰਨ ਫਗਵਾੜਾ ਦੀ ਜੰਮਪਲ ਡਾ. ਸ਼ਿਵਾਨੀ ਦੀ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ।ਇਸ ਮੰਦਭਾਗੀ ਖਬਰ ਤੋਂ ਬਾਅਦ ਫਗਵਾੜਾ ਦੇ ਮੈਡੀਕਲ ਜਗਤ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਇਸ ਘਟਨਾ ਨੂੰ ਲੈ ਕੇ ਮ੍ਰਿਤਕਾ ਦੇ ਪਰਿਵਾਰ ਵੱਲੋਂ ਸਹੁਰੇ ਪਰਿਵਾਰ 'ਤੇ ਘਰੇਲੂ ਤਸ਼ੱਦਦ ਅਤੇ ਸਾਜ਼ਿਸ਼ ਦੇ ਗੰਭੀਰ ਦੋਸ਼ ਲਗਾਏ ਗਏ ਹਨ, ਜਦਕਿ ਲੜਕੇ ਦੇ ਪਰਿਵਾਰ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਇਸ ਨੂੰ ਬਿਜਲੀ ਦੇ ਸ਼ਾਰਟ ਸਰਕਟ ਜਾਂ ਹੀਟਰ ਕਾਰਨ ਵਾਪਰਿਆ ਹਾਦਸਾ ਕਰਾਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਇਹ ਘਟਨਾ ਦੇਰ ਰਾਤ ਉਸ ਸਮੇਂ ਵਾਪਰੀ ਜਦੋਂ ਇੰਗਲੈਂਡ ਸਥਿਤ ਪਤੀ-ਪਤਨੀ ਦੇ ਘਰ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਘਰ ਵਿੱਚੋਂ ਧੂੰਆਂ ਨਿਕਲਦਾ ਦੇਖ ਕੇ ਗੁਆਂਢੀਆਂ ਨੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀਆਂ ਫਾਇਰ ਅਤੇ ਰੈਸਕਿਊ ਟੀਮਾਂ ਨੇ ਦੋਵਾਂ ਨੂੰ ਘਰ ਵਿੱਚੋਂ ਬਾਹਰ ਕੱਢਿਆ। ਹਾਲਾਂਕਿ, ਡਾਕਟਰੀ ਸਹਾਇਤਾ ਦੇ ਬਾਵਜੂਦ ਡਾ. ਸ਼ਿਵਾਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੁੱਢਲੀ ਜਾਣਕਾਰੀ ਅਨੁਸਾਰ ਉਸ ਦੀ ਮੌਤ ਧੂੰਏਂ ਕਾਰਨ ਸਾਹ ਘੁੱਟਣ ਅਤੇ ਅੱਗ ਨਾਲ ਝੁਲਸਣ ਕਾਰਨ ਹੋਈ। ਉੱਧਰ, ਉਸ ਦਾ ਪਤੀ ਦਿਲਾਵਰ ਕਟਾਰੀਆ ਵੀ ਅੱਗ ਦੀ ਲਪੇਟ ਵਿੱਚ ਆਉਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਬਰਮਿੰਘਮ ਦੇ ਕੁਈਨ ਐਲਿਜ਼ਾਬੈਥ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਉਹ ਇਸ ਸਮੇਂ ਕੋਮਾ ਵਿੱਚ ਹੈ ਅਤੇ ਵੈਂਟੀਲੇਟਰ ਦੀ ਸਹਾਇਤਾ 'ਤੇ ਦੱਸਿਆ ਜਾ ਰਿਹਾ ਹੈ। ਇਸ ਦੁਖਦਾਈ ਘਟਨਾ ਤੋਂ ਬਾਅਦ ਫਗਵਾੜਾ ਵਿੱਚ ਮ੍ਰਿਤਕਾ ਦੇ ਪਰਿਵਾਰ ਵੱਲੋਂ ਗੰਭੀਰ ਦੋਸ਼ ਲਗਾਏ ਗਏ ਹਨ। ਡਾ. ਸ਼ਿਵਾਨੀ ਦੇ ਪਿਤਾ ਡਾ. ਕੇ.ਕੇ. ਵਰਮਾ, ਜੋ ਫਗਵਾੜਾ ਦੇ ਪ੍ਰਸਿੱਧ ਡਾਕਟਰ ਹਨ, ਨੇ ਇਸ ਘਟਨਾ ਨੂੰ ਮਹਿਜ਼ ਹਾਦਸਾ ਮੰਨਣ ਤੋਂ ਇਨਕਾਰ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੋਸ਼ ਲਗਾਇਆ ਕਿ ਸਾਲ 2023 ਵਿੱਚ ਵਿਆਹ ਤੋਂ ਬਾਅਦ ਜਦੋਂ ਉਨ੍ਹਾਂ ਦੀ ਧੀ ਆਪਣੇ ਪਤੀ ਨਾਲ ਪੇਸ਼ੇਵਰ ਕੰਮਕਾਜ ਲਈ ਇੰਗਲੈਂਡ ਗਈ ਤਾਂ ਉਸ ਨੂੰ ਕਥਿਤ ਤੌਰ 'ਤੇ ਮਾਨਸਿਕ ਪਰੇਸ਼ਾਨੀ, ਸਰੀਰਕ ਤਸ਼ੱਦਦ ਅਤੇ ਘਰੇਲੂ ਹਿੰਸਾ ਦਾ ਸਾਹਮਣਾ ਕਰਨਾ ਪਿਆ। ਪਰਿਵਾਰ ਨੇ ਮੈਡੀਕਲ ਭਾਈਚਾਰੇ ਦੇ ਮੈਂਬਰਾਂ ਦੀ ਹਮਾਇਤ ਨਾਲ ਭਾਰਤ ਦੇ ਵਿਦੇਸ਼ ਮੰਤਰਾਲੇ (MEA) ਅਤੇ ਬ੍ਰਿਟੇਨ ਸਥਿਤ ਭਾਰਤੀ ਹਾਈ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਤਾਂ ਜੋ ਇਹ ਪਤਾ ਲੱਗ ਸਕੇ ਕਿ ਅੱਗ ਜਾਣਬੁੱਝ ਕੇ ਤਾਂ ਨਹੀਂ ਲਗਾਈ ਗਈ।

ਦੂਜੇ ਪਾਸੇ, ਫਗਵਾੜਾ ਨੇੜਲੇ ਪਿੰਡ ਖੱਟੀ ਦੇ ਰਹਿਣ ਵਾਲੇ ਦਿਲਾਵਰ ਕਟਾਰੀਆ ਦੇ ਪਰਿਵਾਰ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਤੀ-ਪਤਨੀ ਵਿਚਕਾਰ ਸਬੰਧ ਸੁਖਾਵੇਂ ਸਨ ਅਤੇ ਉਨ੍ਹਾਂ ਦਾ ਵਿਆਹੁਤਾ ਜੀਵਨ ਆਪਸੀ ਸਹਿਯੋਗ ਅਤੇ ਪਿਆਰ ਨਾਲ ਚੱਲ ਰਿਹਾ ਸੀ। ਪਰਿਵਾਰ ਨੇ ਦਾਅਵਾ ਕੀਤਾ ਕਿ ਇਹ ਇੱਕ ਮੰਦਭਾਗਾ ਹਾਦਸਾ ਸੀ, ਜਿਸ ਦਾ ਸੰਭਾਵਿਤ ਕਾਰਨ ਕਮਰੇ ਵਿੱਚ ਚੱਲ ਰਿਹਾ ਹੀਟਰ ਜਾਂ ਬਿਜਲੀ ਦੀਆਂ ਤਾਰਾਂ ਵਿੱਚ ਸ਼ਾਰਟ ਸਰਕਟ ਹੋ ਸਕਦਾ ਹੈ। ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਘਰੇਲੂ ਤਸ਼ੱਦਦ ਜਾਂ ਆਪਸੀ ਝਗੜੇ ਦੇ ਦੋਸ਼ਾਂ ਨੂੰ ਨਕਾਰਿਆ ਹੈ। ਉੱਧਰ, ਇੰਗਲੈਂਡ ਦੀ ਪੁਲੀਸ ਅਤੇ ਫੋਰੈਂਸਿਕ ਮਾਹਿਰਾਂ ਵੱਲੋਂ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀ

ਵਿਸ਼ਵ ਜੂਨੀਅਰ ਹਾਕੀ ਚੈਂਪੀਅਨਸ਼ਿਪ ਲਈ ਕੈਨੇਡਾ ਵੱਲੋਂ ਰੂਸੀ ਟੀਮ ਦੇ ਦਾਖ਼ਲੇ 'ਤੇ ਮੁਕੰਮਲ ਰੋਕ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਪਸ਼ਟ ਕੀਤਾ ਹੈ ਕਿ ਯੂਕਰੇਨ ਵਿਰੁੱਧ ਜੰਗ ਜਾਰੀ ਰਹਿਣ ਤੱਕ ਰੂਸ ਅਤੇ ਬੇਲਾਰੂਸ ਦੇ ਖਿਡਾਰੀਆਂ ਨੂੰ ਕੈਨੇਡਾ ਵਿੱਚ ਆਪਣੇ ਦੇਸ਼ਾਂ ਦੀ ਨੁਮਾਇੰਦਗੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਫ਼ੈਸਲੇ ਨਾਲ ਅਗਲੇ ਮਹੀਨੇ ਅਲਬਰਟਾ ਵਿੱਚ ਹੋਣ ਵਾਲੀ ਵਿਸ਼ਵ ਜੂਨੀਅਰ ਹਾਕੀ ਚੈਂਪੀਅਨਸ਼ਿਪ ਵਿੱਚ ਰੂਸ ਦੀ ਸ਼ਮੂਲੀਅਤ ਉੱਤੇ ਰੋਕ ਲੱਗ ਗਈ ਹੈ।

ਕਾਰਨੀ ਨੇ ਇਹ ਐਲਾਨ ਐਂਟੀਗੁਆ ਵਿੱਚ ਹੋ ਰਹੇ ਰਾਸ਼ਟਰਮੰਡਲ ਸੰਮੇਲਨ ਦੌਰਾਨ ਕੀਤਾ। ਉਨ੍ਹਾਂ ਦਾ ਇਹ ਬਿਆਨ ਖੇਡਾਂ ਦੀ ਵਿਚੋਲਗੀ ਅਦਾਲਤ (CAS) ਵੱਲੋਂ ਪਿਛਲੇ ਸ਼ੁੱਕਰਵਾਰ ਦਿੱਤੇ ਉਸ ਫ਼ੈਸਲੇ ਤੋਂ ਬਾਅਦ ਆਇਆ ਹੈ, ਜਿਸ ਵਿੱਚ ਕੌਮਾਂਤਰੀ ਆਈਸ ਹਾਕੀ ਫੈਡਰੇਸ਼ਨ (IIHF) ਨੂੰ ਰੂਸ ਨੂੰ ਕੌਮਾਂਤਰੀ ਮੁਕਾਬਲਿਆਂ ਵਿੱਚ ਮੁੜ ਸ਼ਾਮਲ ਕਰਨ ਲਈ ਕਿਹਾ ਗਿਆ ਸੀ। ਇਸ ਫ਼ੈਸਲੇ ਤਹਿਤ ਰੂਸ ਦੀ ਵਾਪਸੀ ਵਿਸ਼ਵ ਜੂਨੀਅਰ ਚੈਂਪੀਅਨਸ਼ਿਪ ਤੋਂ ਸ਼ੁਰੂ ਹੋਣੀ ਸੀ। ਰੂਸ ਦੀ ਵਾਪਸੀ ਦੇ ਵਿਰੋਧ ਵਿੱਚ ਕਈ ਯੂਰਪੀ ਦੇਸ਼ਾਂ ਦੀਆਂ ਹਾਕੀ ਫੈਡਰੇਸ਼ਨਾਂ ਨੇ ਸਖ਼ਤ ਰੁਖ਼ ਅਪਣਾਇਆ ਹੈ। ਸਵੀਡਨ, ਫ਼ਿਨਲੈਂਡ, ਚੈੱਕ ਗਣਰਾਜ ਅਤੇ ਲਾਤਵੀਆ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀਆਂ ਟੀਮਾਂ ਰੂਸ ਵਿਰੁੱਧ ਮੈਚ ਨਹੀਂ ਖੇਡਣਗੀਆਂ। ਨਾਰਵੇ ਨੇ ਵੀ 2027 ਦੀ ਪੁਰਸ਼ ਵਿਸ਼ਵ ਚੈਂਪੀਅਨਸ਼ਿਪ ਵਿੱਚ ਰੂਸ ਨਾਲ ਖੇਡਣ ਤੋਂ ਇਨਕਾਰ ਕੀਤਾ ਹੈ। ਸਵੀਡਨ ਦੀ ਹਾਕੀ ਫੈਡਰੇਸ਼ਨ ਨੇ ਕਿਹਾ ਹੈ ਕਿ ਮੌਜੂਦਾ ਹਾਲਾਤ ਵਿੱਚ ਰੂਸ ਵਿਰੁੱਧ ਮੈਦਾਨ ਵਿੱਚ ਉੱਤਰਨਾ ਸੰਭਵ ਨਹੀਂ। ਹਾਲਾਂਕਿ ਇਸ ਫ਼ੈਸਲੇ ਦਾ ਮਤਲਬ ਇਹ ਨਹੀਂ ਕਿ ਸਵੀਡਨ ਉਨ੍ਹਾਂ ਟੂਰਨਾਮੈਂਟਾਂ ਵਿੱਚ ਹਿੱਸਾ ਨਹੀਂ ਲਵੇਗਾ, ਜਿਨ੍ਹਾਂ ਵਿੱਚ ਰੂਸ ਵੀ ਸ਼ਾਮਲ ਹੋਵੇਗਾ।

ਹਾਕੀ ਕੈਨੇਡਾ ਨੇ ਕਿਹਾ ਹੈ ਕਿ ਉਹ IIHF, ਹੋਰ ਕੌਮੀ ਫੈਡਰੇਸ਼ਨਾਂ ਅਤੇ ਸਬੰਧਿਤ ਧਿਰਾਂ ਨਾਲ ਲਗਾਤਾਰ ਵਿਚਾਰ-ਵਟਾਂਦਰਾ ਕਰ ਰਿਹਾ ਹੈ ਤਾਂ ਜੋ ਇਸ ਵਿਵਾਦ ਦੇ ਟੂਰਨਾਮੈਂਟ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਸਪਸ਼ਟਤਾ ਹਾਸਲ ਕੀਤੀ ਜਾ ਸਕੇ। ਸੰਸਥਾ ਨੇ CAS ਦੇ ਫ਼ੈਸਲੇ ਉੱਤੇ ਨਿਰਾਸ਼ਾ ਵੀ ਪ੍ਰਗਟਾਈ ਹੈ। ਯੂਕਰੇਨ ਦੇ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਨੇ ਰੂਸ ਵਿਰੁੱਧ ਖੇਡਣ ਤੋਂ ਇਨਕਾਰ ਕਰਨ ਵਾਲੇ ਦੇਸ਼ਾਂ ਦਾ ਧੰਨਵਾਦ ਕਰਦਿਆਂ ਕੈਨੇਡਾ ਸਮੇਤ ਹੋਰ ਵੱਡੀਆਂ ਹਾਕੀ ਤਾਕਤਾਂ ਨੂੰ ਵੀ ਅਜਿਹਾ ਕਦਮ ਚੁੱਕਣ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਰੂਸੀ ਖਿਡਾਰੀਆਂ ਨੂੰ ਵੀਜ਼ੇ ਨਾ ਦੇਣ ਦੀ ਮੰਗ ਵੀ ਕੀਤੀ। ਵਿਸ਼ਵ ਜੂਨੀਅਰ ਹਾਕੀ ਚੈਂਪੀਅਨਸ਼ਿਪ 26 ਦਸੰਬਰ ਤੋਂ ਐਡਮਿੰਟਨ ਅਤੇ ਰੈੱਡ ਡੀਅਰ ਵਿੱਚ ਸ਼ੁਰੂ ਹੋਵੇਗੀ। ਇਸ ਸਮੇਂ ਟੂਰਨਾਮੈਂਟ ਵਿੱਚ ਕੈਨੇਡਾ, ਅਮਰੀਕਾ, ਸਵੀਡਨ, ਫ਼ਿਨਲੈਂਡ, ਜਰਮਨੀ, ਨਾਰਵੇ, ਲਾਤਵੀਆ, ਸਲੋਵਾਕੀਆ, ਸਵਿਟਜ਼ਰਲੈਂਡ ਅਤੇ ਚੈੱਕ ਗਣਰਾਜ ਸਮੇਤ ਦਸ ਟੀਮਾਂ ਦੀ ਭਾਗੀਦਾਰੀ ਤੈਅ ਹੈ। ਦੂਜੇ ਪਾਸੇ, ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਨੇ ਪਹਿਲਾਂ ਕਿਹਾ ਸੀ ਕਿ ਸੂਬਾ ਫ਼ੈਅਸ ਦੇ ਫ਼ੈਸਲੇ ਦੀ ਪਾਲਣਾ ਕਰੇਗਾ। ਹੁਣ ਕਾਰਨੀ ਦੇ ਐਲਾਨ ਤੋਂ ਬਾਅਦ ਰੂਸ ਦੀ ਭਾਗੀਦਾਰੀ ਬਾਰੇ ਕੈਨੇਡਾ ਅਤੇ ਕੌਮਾਂਤਰੀ ਹਾਕੀ ਪ੍ਰਸ਼ਾਸਨ ਵਿਚਕਾਰ ਅਗਲਾ ਫ਼ੈਸਲਾ ਅਹਿਮ ਹੋਵੇਗਾ।

ਕਾਂਗਰਸ ਪਾਰਟੀ ਨੇ ਫੱਗੂਵਾਲਾ ਵਿਖੇ ਸੂਬਾ ਪੱਧਰੀ ਵਿਸ਼ਾਲ ਰੈਲੀ ਕਰਕੇ ਚੋਣਾਂ ਦਾ ਵਜਾਇਆ ਬਿਗਲ



ਕਾਂਗਰਸ ਪਾਰਟੀ ਵੱਲੋਂ ਅੱਜ ਇੱਥੇ ਬਠਿੰਡਾ-ਜ਼ੀਰਕਪੁਰ ਕੌਮੀ ਹਾਈਵੇਅ 'ਤੇ ਸਥਿਤ ਪਿੰਡ ਫੱਗੂਵਾਲਾ ਵਿਖੇ ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਦੇ ਪ੍ਰਬੰਧਾਂ ਹੇਠ ਸੂਬਾ ਪੱਧਰੀ ਵਿਸ਼ਾਲ ਇਨਸਾਫ਼ ਰੈਲੀ ਕਰਕੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਗਿਆ। 12 ਏਕੜ ਵਿੱਚ ਤਿਆਰ ਕੀਤੇ ਪੰਡਾਲ ਵਿੱਚ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਾਂਗਰਸ ਪਾਰਟੀ ਦੇ ਕੌਮੀ ਆਗੂ ਅਤੇ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੀ ਮਿਲੀਭੁਗਤ ਨਾਲ ਘਰ-ਘਰ ਤੱਕ ਫੈਲੇ ਡਰੱਗ/ਨਸ਼ਿਆਂ ਦੇ ਕੋਹੜ ਨੂੰ ਕਾਂਗਰਸ ਪਾਰਟੀ ਦੀ ਸਰਕਾਰ ਹੀ ਖ਼ਤਮ ਕਰ ਸਕਦੀ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਇਸ ਸਮੇਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ, ਲੁੱਟ-ਖੋਹ ਤੇ ਗੈਂਗਸਟਰਵਾਦ ਨੇ ਜਕੜ ਲਿਆ ਹੈ ਅਤੇ ਇਨ੍ਹਾਂ ਸਮਾਜਿਕ ਬਿਮਾਰੀਆਂ ਨੂੰ ਰੋਕਣ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀ ਹੈ। ਉਨ੍ਹਾਂ ਆਪਣੇ ਭਾਸ਼ਣ ਨੂੰ ਰੋਕ ਕੇ ਸਟੇਜ 'ਤੇ ਬੈਠੇ ਉੱਘੇ ਗਾਇਕ ਮਰਹੂਮ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਕਿਹਾ ਕਿ ਸਿੱਧੂ ਮੂਸੇਵਾਲਾ ਇੱਕ ਸ਼ਾਨਦਾਰ ਗਾਇਕ ਅਤੇ ਕੁੱਝ ਕਰ ਗੁਜ਼ਰਨ ਵਾਲੀ ਸ਼ਖ਼ਸੀਅਤ ਸਨ, ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨਾਕਾਮੀਆਂ ਕਾਰਨ ਇਹੋ ਜਿਹੇ ਨੌਜਵਾਨ ਸਾਥੋਂ ਖੋਹੇ ਜਾ ਰਹੇ ਹਨ। ਉਨ੍ਹਾਂ ਸਮੂਹ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਇੱਕਜੁੱਟ ਹੋ ਕੇ ਪੰਜਾਬ ਵਿਧਾਨ ਸਭਾ ਦੇ ਚੋਣ ਮੈਦਾਨ ਵਿੱਚ ਡਟਣ ਦਾ ਸੱਦਾ ਦਿੱਤਾ। ਉੱਥੇ ਹੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ ਗੁਜਰਾਤ ਸਥਿਤ ਬੰਦਰਗਾਹ ਤੋਂ ਹੋ ਰਹੀ ਹੈ। ਜੇਕਰ ਕੇਂਦਰ ਸਰਕਾਰ ਨਸ਼ਿਆਂ ਨੂੰ ਰੋਕਣ ਲਈ ਸੰਜੀਦਾ ਹੈ, ਤਾਂ ਆਪਣੇ ਸੂਬਿਆਂ ਤੋਂ ਹੋ ਰਹੀ ਨਸ਼ਿਆਂ ਦੀ ਸਪਲਾਈ ਨੂੰ ਨੱਥ ਪਾਈ ਜਾਵੇ।

ਰੈਲੀ ਨੂੰ ਪੰਜਾਬ ਦੇ ਪਾਰਟੀ ਇੰਚਾਰਜ ਸਚਿਨ ਪਾਇਲਟ, ਸੂਬਾ ਪ੍ਰਧਾਨ ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਸੁਖਪਾਲ ਸਿੰਘ ਖਹਿਰਾ, ਡਾ. ਧਰਮਵੀਰ ਗਾਂਧੀ, ਡਾ. ਅਮਰ ਸਿੰਘ, ਫ਼ਤਿਹ ਸਿੰਘ ਬਾਦਲ ਅਤੇ ਗੁਰਜੋਤ ਸਿੰਘ ਢੀਂਡਸਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਧੜੇ ਨੂੰ ਛੱਡਣ ਵਾਲੇ ਛੇਵੇਂ ਆਗੂ ਬਣੇ ਚੰਦੂਮਾਜਰਾ



ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਤੋਂ ਅਸਤੀਫ਼ਾ ਦੇਣ ਨਾਲ ਇਸ ਬਾਗੀ ਧੜੇ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਇਹ ਧੜਾ ਆਪਣੇ ਆਗੂਆਂ ਦਾ ਪਲਾਇਨ ਰੋਕਣ ਵਿੱਚ ਨਾਕਾਮ ਸਾਬਤ ਹੋ ਰਿਹਾ ਹੈ। ਇਸ ਤੋਂ ਪਹਿਲਾਂ ਪੰਜ ਪ੍ਰਮੁੱਖ ਆਗੂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੂੰ ਛੱਡ ਚੁੱਕੇ ਹਨ। ਇਨ੍ਹਾਂ ਵਿੱਚ ਸੁਰਜੀਤ ਸਿੰਘ ਰੱਖੜਾ, ਦਾਖਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਸਾਬਕਾ ਮੰਤਰੀ ਤੋਤਾ ਸਿੰਘ ਦੇ ਸਪੁੱਤਰ ਬਰਜਿੰਦਰ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ ਅਤੇ ਧੂਰੀ ਤੋਂ ਸਾਬਕਾ ਅਕਾਲੀ ਵਿਧਾਇਕ ਇਕਬਾਲ ਸਿੰਘ ਝੂੰਦਾਂ (ਜੋ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਮਾੜੇ ਪ੍ਰਦਰਸ਼ਨ ਤੋਂ ਬਾਅਦ ਬਣਾਈ ਗਈ 13-ਮੈਂਬਰੀ ਕਮੇਟੀ ਦੇ ਮੁਖੀ ਸਨ) ਸ਼ਾਮਲ ਹਨ, ਜਿਨ੍ਹਾਂ ਨੇ ਜੁਲਾਈ ਵਿੱਚ ਪੁਨਰ ਸੁਰਜੀਤ ਨੂੰ ਅਲਵਿਦਾ ਕਹਿ ਦਿੱਤਾ ਸੀ।

ਸੁਰਜੀਤ ਸਿੰਘ ਰੱਖੜਾ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ ਹਨ। ਉੱਥੇ ਹੀ ਬਰਜਿੰਦਰ ਸਿੰਘ ਬਰਾੜ ਹਾਲ ਹੀ ਵਿੱਚ ਮੁੜ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਜਿੱਥੇ ਚਰਨਜੀਤ ਸਿੰਘ ਬਰਾੜ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ, ਉੱਥੇ ਹੀ ਇਆਲੀ ਅਤੇ ਝੂੰਦਾਂ ਇਸ ਸਮੇਂ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਗੈਰ-ਮੌਜੂਦਗੀ ਵਿੱਚ ਅਕਾਲੀ ਦਲ 'ਵਾਰਿਸ ਪੰਜਾਬ ਦੇ' (AD-WPD) ਦੀ ਅਗਵਾਈ ਕਰ ਰਹੇ ਹਨ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਣ ਤੋਂ ਬਾਅਦ 11 ਅਗਸਤ 2025 ਨੂੰ ਹੋਂਦ ਵਿੱਚ ਆਇਆ 'ਪੁਨਰ ਸੁਰਜੀਤ' ਧੜਾ ਆਪਣੇ ਆਪ ਨੂੰ ਇੱਕ ਸੁਧਾਰਵਾਦੀ ਪੰਥਕ ਸ਼ਕਤੀ ਵਜੋਂ ਪੇਸ਼ ਕਰਦਾ ਆ ਰਿਹਾ ਹੈ। ਚੰਦੂਮਾਜਰਾ, ਇਆਲੀ, ਰੱਖੜਾ ਅਤੇ ਝੂੰਦਾਂ ਉਨ੍ਹਾਂ ਆਗੂਆਂ ਵਿੱਚ ਸ਼ਾਮਲ ਸਨ ਜਿਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਅਤੇ ਪਾਰਟੀ ਪ੍ਰਧਾਨ ਦੀ ਮੁੜ ਚੋਣ ਦੀ ਮੰਗ ਨੂੰ ਲੈ ਕੇ ਮੁਹਿੰਮ ਦੀ ਅਗਵਾਈ ਕੀਤੀ ਸੀ। ਉਨ੍ਹਾਂ ਨੇ ਗੁਰਪ੍ਰਤਾਪ ਸਿੰਘ ਵਡਾਲਾ ਸਮੇਤ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼੍ਰੋਮਣੀ ਅਕਾਲੀ ਦਲ ਦਾ ਇਹ ਬਾਗੀ ਧੜਾ 'ਪੁਨਰ ਸੁਰਜੀਤ' ਬਣਾਇਆ ਸੀ।

ਮੰਗਲਵਾਰ ਨੂੰ ਜਦੋਂ ਚੰਦੂਮਾਜਰਾ ਨੇ ਪੰਥਕ ਏਕਤਾ ਦੀ ਅਪੀਲ ਕਰਦਿਆਂ ਸਾਰੇ ਪੰਥਕ ਆਗੂਆਂ ਨੂੰ ਇੱਕ ਚੋਣ ਨਿਸ਼ਾਨ ਹੇਠ ਚੋਣ ਲੜਨ ਦੀ ਬੇਨਤੀ ਕੀਤੀ ਸੀ, ਤਾਂ ਉਨ੍ਹਾਂ ਨੇ ਪਾਰਟੀ ਤੋਂ ਵੱਖ ਹੋਣ ਦਾ ਸੰਕੇਤ ਦੇ ਦਿੱਤਾ ਸੀ। ਜਦੋਂ ਇਸ ਬਾਰੇ ਪੁੱਛਿਆ ਗਿਆ, ਤਾਂ 'ਪੁਨਰ ਸੁਰਜੀਤ' ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਚੰਦੂਮਾਜਰਾ ਦੇ ਜਾਣ ਨੂੰ ਮੰਦਭਾਗਾ ਕਰਾਰ ਦਿੱਤਾ। ਵਡਾਲਾ ਨੇ ਕਿਹਾ, "ਅਜਿਹਾ ਲੱਗਦਾ ਹੈ ਕਿ ਚੰਦੂਮਾਜਰਾ ਵੱਲੋਂ ਇਹ ਇੱਕ ਕਾਹਲੀ ਅਤੇ ਘਬਰਾਹਟ ਵਿੱਚ ਚੁੱਕਿਆ ਗਿਆ ਕਦਮ ਹੈ, ਜੋ ਕਿ ਉਨ੍ਹਾਂ ਦੇ ਸਿਆਸੀ ਵਿਰੋਧੀ ਅਤੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਆਮ ਆਦਮੀ ਪਾਰਟੀ (ਆਪ) ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਚੁੱਕਿਆ ਗਿਆ ਹੈ।" 'ਆਪ' ਦੀ ਟਿਕਟ 'ਤੇ ਚੋਣ ਲੜਨ ਵਾਲੇ ਪਠਾਣਮਾਜਰਾ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਨੌਰ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਿੰਦਰ ਪਾਲ ਸਿੰਘ ਚੰਦੂਮਾਜਰਾ (ਪ੍ਰੇਮ ਸਿੰਘ ਚੰਦੂਮਾਜਰਾ ਦੇ ਸਪੁੱਤਰ) ਨੂੰ 49,112 ਵੋਟਾਂ ਦੇ ਫਰਕ ਨਾਲ ਹਰਾਇਆ ਸੀ।

ਪਰਵਿੰਦਰ ਝੋਟਾ ਦੇ ਪਰਿਵਾਰ ਨੂੰ ਨੌਕਰੀ ਅਤੇ 2 ਕਰੋੜ ਦਾ ਮੁਆਵਜ਼ਾ; ਲੱਖਾ ਸਿਧਾਣਾ ਤੇ ਹੋਰ ਆਗੂਆਂ ਦੀ ਰਿਹਾਈ ਮਗਰੋਂ ਹੋਵੇਗਾ ਸਸਕਾਰ



ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਸੰਘਰਸ਼ ਦੇ 23ਵੇਂ ਦਿਨ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਐਕਸ਼ਨ ਕਮੇਟੀ ਵਿਚਾਲੇ 5 ਘੰਟੇ ਚੱਲੀ ਮੀਟਿੰਗ ਵਿੱਚ ਲੱਖਾ ਸਿਧਾਣਾ, ਹੋਰ ਆਗੂਆਂ ਦੀ ਰਿਹਾਈ ਅਤੇ ਹੋਰਨਾਂ ਮੰਗਾਂ 'ਤੇ ਸਹਿਮਤੀ ਬਣ ਗਈ। ਆਗੂਆਂ ਦੀ ਰਿਹਾਈ ਮਗਰੋਂ ਹੀ ਪੋਸਟ-ਮਾਰਟਮ ਅਤੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਇਸ ਦੇ ਨਾਲ ਹੀ, 5 ਨਵੰਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਕਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਮੀਟਿੰਗ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੁਲੀਸ ਦੇ ਉੱਚ ਅਧਿਕਾਰੀਆਂ ਨਾਲ ਹੋਈ। ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਦੌਰਾਨ ਜੇਲ੍ਹਾਂ ਵਿੱਚ ਬੰਦ ਲੱਖਾ ਸਿਧਾਣਾ ਅਤੇ ਹੋਰ ਆਗੂਆਂ ਦੀ ਰਿਹਾਈ ਦੇ ਮੁੱਦੇ 'ਤੇ ਕਈ ਘੰਟੇ ਪੇਚ ਅੜਿਆ ਰਿਹਾ। ਹੋਰ ਮੰਗਾਂ 'ਤੇ ਲਗਪਗ ਸਹਿਮਤੀ ਬਣਨ ਦੇ ਬਾਵਜੂਦ, ਐਕਸ਼ਨ ਕਮੇਟੀ ਆਗੂਆਂ ਦੀ ਰਿਹਾਈ ਤੋਂ ਬਿਨਾਂ ਪੋਸਟ-ਮਾਰਟਮ ਅਤੇ ਅੰਤਿਮ ਸੰਸਕਾਰ ਲਈ ਸਹਿਮਤ ਨਹੀਂ ਸੀ।

ਸਿੱਧੂ ਅਨੁਸਾਰ ਮੀਟਿੰਗ ਵਿੱਚ ਖਿਆਲਾ ਕਲਾਂ ਵਿਖੇ ਝੋਟਾ ਦੇ ਨਾਂ 'ਤੇ ਟਰੌਮਾ ਸੈਂਟਰ ਬਣਾਉਣ ਲਈ ਇੱਕ ਹਫ਼ਤੇ ਵਿੱਚ ਮਨਜ਼ੂਰੀ ਦੇਣ 'ਤੇ ਸਹਿਮਤੀ ਬਣੀ। ਇਸ ਤੋਂ ਇਲਾਵਾ, ਸਬੰਧਤ ਪੁਲੀਸ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਸਮਾਂਬੱਧ ਉੱਚ-ਪੱਧਰੀ ਜਾਂਚ ਕਰਵਾਉਣ ਅਤੇ ਝੋਟਾ ਦੇ ਪਰਿਵਾਰ ਨੂੰ ਨੌਕਰੀ ਤੇ 2 ਕਰੋੜ ਰੁਪਏ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ।

ਪਰਿਵਾਰ ਮੁਤਾਬਕ ਝੋਟਾ ਦੀ ਯਾਦ ਵਿੱਚ ਬੁੱਤ ਲਗਾਉਣ 'ਤੇ ਸਹਿਮਤੀ ਬਣ ਗਈ ਹੈ, ਪਰ ਘਟਨਾ ਵਾਲੀ ਥਾਂ 'ਤੇ ਬੁੱਤ ਲਗਾਉਣ ਬਾਰੇ ਸਹਿਮਤੀ ਨਹੀਂ ਬਣ ਸਕੀ। ਇਸ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਦਾ ਕਹਿਣਾ ਸੀ ਕਿ ਘਟਨਾ ਵਾਲੀ ਥਾਂ ਨਿੱਜੀ ਜਾਇਦਾਦ ਹੋਣ ਕਾਰਨ ਉੱਥੇ ਬੁੱਤ ਲਗਾਉਣ ਵਿੱਚ ਕਾਨੂੰਨੀ ਅੜਚਣ ਆ ਸਕਦੀ ਹੈ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਦਲਜੀਤ ਸਿੰਘ ਭੰਮੇ ਦੇ ਪਰਿਵਾਰ ਨੂੰ ਵੀ ਨੌਕਰੀ ਅਤੇ ਮੁਆਵਜ਼ੇ ਦਾ ਭਰੋਸਾ ਦਿੱਤਾ ਗਿਆ ਹੈ। ਸਿੱਧੂ ਨੇ ਦੱਸਿਆ ਕਿ ਐਕਸ਼ਨ ਕਮੇਟੀ ਨੇ ਗ੍ਰਿਫ਼ਤਾਰ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਉਨ੍ਹਾਂ

ਪੰਜਾਬ ਸਟਾਰ PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ

ਨਾਵਣ ਚਲੈ ਤੀਰਥੀ, ਮਨਿ ਖੋਟੇ ਤਨਿ ਚੋਰ॥



ਬੁੱਧ ਸਿੰਘ ਨੀਲੋਂ
94643 70823

ਪੰਜਾਬ ਸਰਕਾਰ ਵੱਲੋਂ ਤੀਰਥ ਯਾਤਰਾ ਸ਼ੁਰੂ ਕੀਤੀ ਹੋਈ ਹੈ, ਜਿਸ ਤਰ੍ਹਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਉਹਨਾਂ ਨੂੰ ਪੜ੍ਹ ਕੇ ਸੁਣ ਲੱਗਦਾ ਹੈ ਕਿ ਇਹ ਤੀਰਥ ਯਾਤਰਾ ਨਹੀਂ ਸਗੋਂ ਪਿਕਨਿਕ ਯਾਤਰਾ ਹੈ। ਜਿਹੜੀ ਸਿਰਫ਼ ਵੋਟਾਂ ਪੱਕੀਆਂ ਕਰਨ ਤੱਕ ਸੀਮਤ ਹੈ। ਕਿਉਂਕਿ ਜਿਸ ਤਰ੍ਹਾਂ ਤੀਰਥ ਯਾਤਰੀਆਂ ਨੂੰ ਵੰਨ ਸੁਵੰਨੇ ਭੋਜਨ, ਉਹਨਾਂ ਵਾਸਤੇ ਰਹਿਣ ਲਈ ਆਲੀਸ਼ਾਨ ਹੋਟਲ। ਹੋਟਲਾਂ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਖ਼ਾਸ ਪ੍ਰਬੰਧ ਕੀਤਾ ਗਿਆ ਹੈ। ਇਸ਼ਨਾਨ ਕਰਨ ਲਈ ਤੋਲੀਆ, ਸਾਬਣ ਤੇਲ ਆਦਿ ਦਿੱਤਾ ਜਾਂਦਾ ਹੈ। ਉਹਨਾਂ ਕੋਲੋਂ ਵਾਪਸੀ ਮੌਕੇ ਫ਼ਾਰਮ ਭਰਵਾ ਕੇ ਪਿੰਡ ਛੱਡ ਦਿੱਤਾ ਜਾਂਦਾ ਹੈ। ਇਹ ਕੇਹੀ ਤੀਰਥ ਯਾਤਰਾ ਹੈ?

ਨਾਵਣ ਚਲੇ ਤੀਰਥੀਂ ਮਨਿ ਖੋਟੇ ਤਨਿ ਚੋਰੁ ॥

ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰੁ ॥

— ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 789

ਤੀਰਥ-ਇਸ਼ਨਾਨ ਦੀ ਪਰੰਪਰਾ ਮਨੁੱਖ ਦੀ ਆਸਥਾ ਨਾਲ ਜੁੜੀ ਹੋਈ ਹੈ, ਪਰ ਗੁਰਬਾਣੀ ਨੇ ਆਸਥਾ ਨੂੰ ਅੰਨ੍ਹੀ ਰਸਮ ਨਹੀਂ, ਅੰਦਰੂਨੀ ਪਰਿਵਰਤਨ ਨਾਲ ਜੋੜਿਆ ਹੈ। ਸਰੀਰ ਨੂੰ ਪਾਣੀ ਨਾਲ ਧੋ ਲੈਣਾ ਸੌਖਾ ਹੈ; ਮਨ ਦੀ ਮੈਲ ਧੋਣੀ ਔਖੀ ਹੈ। ਜੇ ਮਨ ਵਿੱਚ ਲਾਲਚ, ਹਉਮੈ, ਧੋਖਾ, ਨਫ਼ਰਤ ਅਤੇ ਦੂਜੇ ਦੇ ਦੁੱਖ ਪ੍ਰਤੀ ਬੇਹਿਸੀ ਕਾਇਮ ਰਹੇ ਤਾਂ ਬਾਹਰਲਾ ਇਸ਼ਨਾਨ ਮਨੁੱਖ ਨੂੰ ਅੰਦਰੋਂ ਪਵਿੱਤਰ ਨਹੀਂ ਕਰ ਸਕਦਾ।

ਕੁੰਭ ਵਰਗੇ ਵਿਸ਼ਾਲ ਧਾਰਮਿਕ ਇਕੱਠਾਂ ਵਿੱਚ ਜਦੋਂ ਆਸਥਾ ਦੇ ਨਾਲ ਪ੍ਰਬੰਧਕੀ ਨਾਕਾਮੀ, ਭੀੜ ਦਾ ਬੇਕਾਬੂ ਹੋਣਾ ਅਤੇ ਰਾਜਨੀਤਕ ਪ੍ਰਚਾਰ ਜੁੜ ਜਾਂਦੇ ਹਨ ਤਾਂ ਸਵਾਲ ਸਿਰਫ਼ ਇਸ਼ਨਾਨ ਦਾ ਨਹੀਂ ਰਹਿੰਦਾ—ਮਨੁੱਖੀ ਜ਼ਿੰਦਗੀ ਦੀ ਕੀਮਤ ਦਾ ਬਣ ਜਾਂਦਾ ਹੈ। 2025 ਦੇ ਮਹਾਕੁੰਭ ਦੌਰਾਨ ਭਗਦੜਾਂ ਅਤੇ ਮੌਤਾਂ ਬਾਰੇ ਸਰਕਾਰੀ ਅੰਕੜਿਆਂ, ਮੀਡੀਆ ਰਿਪੋਰਟਾਂ ਅਤੇ ਵਿਰੋਧੀ ਦਾਅਵਿਆਂ ਵਿਚਲੇ ਫ਼ਰਕ ਨੇ ਵੀ ਪਾਰਦਰਸ਼ਤਾ ਉੱਤੇ ਸਵਾਲ ਖੜ੍ਹੇ ਕੀਤੇ ਸਨ। ਇਸ ਲਈ ਅਜਿਹੇ ਹਾਦਸਿਆਂ ਨੂੰ ਕਿਸੇ ਇੱਕ ਸਿਆਸੀ ਦਲ ਜਾਂ ਵਿਅਕਤੀ ਦੀ ਨੀਅਤ ਨਾਲ ਜੋੜਨ ਦੀ ਥਾਂ ਸਾਨੂੰ ਜਵਾਬਦੇਹੀ, ਸੁਰੱਖਿਆ ਅਤੇ ਸੱਚੀ ਜਾਣਕਾਰੀ ਦੀ ਮੰਗ ਕਰਨੀ ਚਾਹੀਦੀ ਹੈ।

ਗੁਰਬਾਣੀ ਦਾ ਮੂਲ ਸੰਦੇਸ਼ ਹੋਰ ਵੀ ਸਾਫ਼ ਹੈ—

ਭਰੀਐ ਮਤਿ ਪਾਪਾ ਕੈ ਸੰਗੁ ॥
ਓਹੁ ਧੋਪੈ ਨਾਵੈ ਕੈ ਰੰਗਿ ॥

ਅਰਥਾਤ ਮਨ ਦੀ ਮੈਲ ਸਿਰਫ਼ ਬਾਹਰਲੇ ਇਸ਼ਨਾਨ ਨਾਲ ਨਹੀਂ ਧੁਲਦੀ। ਗੁਰੂ ਸਾਹਿਬ ਮਨੁੱਖ ਨੂੰ ਆਪਣੇ ਅਮਲਾਂ ਵੱਲ ਮੋੜਦੇ ਹਨ।

ਇਸੇ ਲਈ ਸਵਾਲ ਇਹ ਨਹੀਂ ਕਿ ਗੰਗਾ ਵਿੱਚ ਕਿੰਨੀ ਵਾਰ ਇਸ਼ਨਾਨ ਕੀਤਾ; ਸਵਾਲ ਇਹ ਹੈ ਕਿ ਇਸ਼ਨਾਨ ਤੋਂ ਬਾਅਦ ਮਨੁੱਖ ਕਿੰਨਾ ਬਦਲਿਆ?

ਜੇ ਕਿਸੇ ਦੇ ਧਰਮ ਵਿੱਚ ਇਸ਼ਨਾਨ ਹੈ ਪਰ ਦੂਜੇ ਦੇ ਦੁੱਖ ਲਈ ਦਿਲ ਨਹੀਂ, ਜੇ ਮੱਥਾ ਟੇਕਣ ਲਈ ਸਮਾਂ ਹੈ ਪਰ ਭੁੱਖੇ ਨੂੰ ਰੋਟੀ ਦੇਣ ਲਈ ਨਹੀਂ, ਜੇ ਗੁਰਬਾਣੀ ਪੜ੍ਹਨ ਲਈ ਸਮਾਂ ਹੈ ਪਰ ਉਸ ਉੱਤੇ ਅਮਲ ਕਰਨ ਲਈ ਨਹੀਂ—ਤਾਂ ਫਿਰ ਸਾਨੂੰ ਆਪਣੇ ਧਰਮ ਦੀ ਰੂਹ ਬਾਰੇ ਮੁੜ ਸੋਚਣਾ ਪਵੇਗਾ।

ਦਰਦ ਮਹਿਸੂਸ ਕਰਨਾ ਹੀ ਮਨੁੱਖ ਹੋਣ ਦੀ ਪਹਿਲੀ ਪਛਾਣ ਹੈ



ਤੀਰਥ-ਇਸ਼ਨਾਨ ਦੀ ਪਰੰਪਰਾ ਮਨੁੱਖ ਦੀ ਆਸਥਾ ਨਾਲ ਜੁੜੀ ਹੋਈ ਹੈ, ਪਰ ਗੁਰਬਾਣੀ ਨੇ ਆਸਥਾ ਨੂੰ ਅੰਨ੍ਹੀ ਰਸਮ ਨਹੀਂ, ਅੰਦਰੂਨੀ ਪਰਿਵਰਤਨ ਨਾਲ ਜੋੜਿਆ ਹੈ। ਸਰੀਰ ਨੂੰ ਪਾਣੀ ਨਾਲ ਧੋ ਲੈਣਾ ਸੌਖਾ ਹੈ; ਮਨ ਦੀ ਮੈਲ ਧੋਣੀ ਔਖੀ ਹੈ। ਜੇ ਮਨ ਵਿੱਚ ਲਾਲਚ, ਹਉਮੈ, ਧੋਖਾ, ਨਫ਼ਰਤ ਅਤੇ ਦੂਜੇ ਦੇ ਦੁੱਖ ਪ੍ਰਤੀ ਬੇਹਿਸੀ ਕਾਇਮ ਰਹੇ ਤਾਂ ਬਾਹਰਲਾ ਇਸ਼ਨਾਨ ਮਨੁੱਖ ਨੂੰ ਅੰਦਰੋਂ ਪਵਿੱਤਰ ਨਹੀਂ ਕਰ ਸਕਦਾ।

ਕੁੰਭ ਵਰਗੇ ਵਿਸ਼ਾਲ ਧਾਰਮਿਕ ਇਕੱਠਾਂ ਵਿੱਚ ਜਦੋਂ ਆਸਥਾ ਦੇ ਨਾਲ ਪ੍ਰਬੰਧਕੀ ਨਾਕਾਮੀ, ਭੀੜ ਦਾ ਬੇਕਾਬੂ ਹੋਣਾ ਅਤੇ ਰਾਜਨੀਤਕ ਪ੍ਰਚਾਰ ਜੁੜ ਜਾਂਦੇ ਹਨ ਤਾਂ ਸਵਾਲ ਸਿਰਫ਼ ਇਸ਼ਨਾਨ ਦਾ ਨਹੀਂ ਰਹਿੰਦਾ—ਮਨੁੱਖੀ ਜ਼ਿੰਦਗੀ ਦੀ ਕੀਮਤ ਦਾ ਬਣ ਜਾਂਦਾ ਹੈ। 2025 ਦੇ ਮਹਾਕੁੰਭ ਦੌਰਾਨ ਭਗਦੜਾਂ ਅਤੇ ਮੌਤਾਂ ਬਾਰੇ ਸਰਕਾਰੀ ਅੰਕੜਿਆਂ, ਮੀਡੀਆ ਰਿਪੋਰਟਾਂ ਅਤੇ ਵਿਰੋਧੀ ਦਾਅਵਿਆਂ ਵਿਚਲੇ ਫ਼ਰਕ ਨੇ ਵੀ ਪਾਰਦਰਸ਼ਤਾ ਉੱਤੇ ਸਵਾਲ ਖੜ੍ਹੇ ਕੀਤੇ ਸਨ। ਇਸ ਲਈ ਅਜਿਹੇ ਹਾਦਸਿਆਂ ਨੂੰ ਕਿਸੇ ਇੱਕ ਸਿਆਸੀ ਦਲ ਜਾਂ ਵਿਅਕਤੀ ਦੀ ਨੀਅਤ ਨਾਲ ਜੋੜਨ ਦੀ ਥਾਂ ਸਾਨੂੰ ਜਵਾਬਦੇਹੀ, ਸੁਰੱਖਿਆ ਅਤੇ ਸੱਚੀ ਜਾਣਕਾਰੀ ਦੀ ਮੰਗ ਕਰਨੀ ਚਾਹੀਦੀ ਹੈ।

ਗੁਰਬਾਣੀ ਦਾ ਮੂਲ ਸੰਦੇਸ਼ ਹੋਰ ਵੀ ਸਾਫ਼ ਹੈ—

ਭਰੀਐ ਮਤਿ ਪਾਪਾ ਕੈ ਸੰਗੁ ॥
ਓਹੁ ਧੋਪੈ ਨਾਵੈ ਕੈ ਰੰਗਿ ॥

ਅਰਥਾਤ ਮਨ ਦੀ ਮੈਲ ਸਿਰਫ਼ ਬਾਹਰਲੇ ਇਸ਼ਨਾਨ ਨਾਲ ਨਹੀਂ ਧੁਲਦੀ। ਗੁਰੂ ਸਾਹਿਬ ਮਨੁੱਖ ਨੂੰ ਆਪਣੇ ਅਮਲਾਂ ਵੱਲ ਮੋੜਦੇ ਹਨ।

ਇਸੇ ਲਈ ਸਵਾਲ ਇਹ ਨਹੀਂ ਕਿ ਗੰਗਾ ਵਿੱਚ ਕਿੰਨੀ ਵਾਰ ਇਸ਼ਨਾਨ ਕੀਤਾ; ਸਵਾਲ ਇਹ ਹੈ ਕਿ ਇਸ਼ਨਾਨ ਤੋਂ ਬਾਅਦ ਮਨੁੱਖ ਕਿੰਨਾ ਬਦਲਿਆ?

ਜੇ ਕਿਸੇ ਦੇ ਧਰਮ ਵਿੱਚ ਇਸ਼ਨਾਨ ਹੈ ਪਰ ਦੂਜੇ ਦੇ ਦੁੱਖ ਲਈ ਦਿਲ ਨਹੀਂ, ਜੇ ਮੱਥਾ ਟੇਕਣ ਲਈ ਸਮਾਂ ਹੈ ਪਰ ਭੁੱਖੇ ਨੂੰ ਰੋਟੀ ਦੇਣ ਲਈ ਨਹੀਂ, ਜੇ ਗੁਰਬਾਣੀ ਪੜ੍ਹਨ ਲਈ ਸਮਾਂ ਹੈ ਪਰ ਉਸ ਉੱਤੇ ਅਮਲ ਕਰਨ ਲਈ ਨਹੀਂ—ਤਾਂ ਫਿਰ ਸਾਨੂੰ ਆਪਣੇ ਧਰਮ ਦੀ ਰੂਹ ਬਾਰੇ ਮੁੜ ਸੋਚਣਾ ਪਵੇਗਾ।

ਦਰਦ ਮਹਿਸੂਸ ਕਰਨਾ ਹੀ ਮਨੁੱਖ ਹੋਣ ਦੀ ਪਹਿਲੀ ਪਛਾਣ ਹੈ

“ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦੁ ਨ ਆਇਆ ॥”

— ਅੰਗ 360

ਬਾਬਰਵਾਣੀ ਦਾ ਇਹ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹਾ ਹੈ। ਦੂਜੇ ਦੇ ਦੁੱਖ ਨੂੰ ਦੇਖ ਕੇ ਸਾਡੇ ਅੰਦਰ ਕੋਈ ਕੰਪਨ ਪੈਦਾ ਹੁੰਦੀ ਹੈ ਜਾਂ ਨਹੀਂ?

ਅੱਜ ਮਨੁੱਖ ਨੇ ਕੁਦਰਤ ਨੂੰ ਵੀ ਵਸਤੂ ਬਣਾ ਦਿੱਤਾ ਹੈ। ਧਰਤੀ ਦੀ ਛਾਤੀ ਚੀਰੀ ਜਾ ਰਹੀ ਹੈ, ਪਾਣੀ ਅਤੇ ਹਵਾ ਪ੍ਰਦੂਸ਼ਿਤ ਹੋ ਰਹੇ ਹਨ, ਜੰਗਲ ਘਟ ਰਹੇ ਹਨ ਅਤੇ ਮੌਸਮੀ ਤਬਦੀਲੀ ਦਾ ਭਾਰ ਆਮ ਮਨੁੱਖ ਝੱਲ ਰਿਹਾ ਹੈ। ਲਾਭ ਕੁਝ ਹੱਥਾਂ ਵਿੱਚ ਇਕੱਠਾ ਹੁੰਦਾ ਹੈ, ਪਰ ਨੁਕਸਾਨ ਦਾ ਬੋਝ ਕਰੋੜਾਂ ਲੋਕਾਂ ਉੱਤੇ ਪੈਂਦਾ ਹੈ।

ਇਸੇ ਤਰ੍ਹਾਂ ਖੇਤੀ ਦੇ ਮਸ਼ੀਨੀਕਰਨ ਨੇ ਉਤਪਾਦਨ ਵਧਾਇਆ, ਪਰ ਇਸ ਨਾਲ ਪੇਂਡੂ ਕਿਰਤ-ਸੰਬੰਧਾਂ ਵਿੱਚ ਵੀ ਵੱਡਾ ਬਦਲਾਅ ਆਇਆ। ਸੀਰੀ ਸਿਰਫ਼ ਇੱਕ ਪੇਸ਼ਾ ਨਹੀਂ ਸੀ; ਉਹ ਪੰਜਾਬੀ ਪਿੰਡ ਦੀ ਸਮਾਜਿਕ ਸਾਂਝ ਦਾ ਹਿੱਸਾ ਸੀ। ਸੰਤ ਰਾਮ ਉਦਾਸੀ ਦੀਆਂ ਪੰਕਤੀਆਂ ਵਿੱਚ ਜੱਟ ਅਤੇ ਸੀਰੀ ਦੇ ਇਸ ਰਿਸ਼ਤੇ ਦਾ ਦਰਦ ਬੜੀ ਤੀਬਰਤਾ ਨਾਲ ਉਭਰਦਾ ਹੈ।

ਅੱਜ ਮਸ਼ੀਨ ਨੇ ਮਨੁੱਖ ਦੀ ਕਿਰਤ ਦਾ ਵੱਡਾ ਹਿੱਸਾ ਸੰਭਾਲ ਲਿਆ ਹੈ, ਪਰ ਸਵਾਲ ਇਹ ਹੈ ਕਿ ਮਨੁੱਖ ਨੇ ਮਨੁੱਖ ਦੀ ਥਾਂ ਵੀ ਮਸ਼ੀਨ ਨੂੰ ਤਾਂ ਨਹੀਂ ਦੇ ਦਿੱਤੀ?

ਜਦੋਂ ਰਿਸ਼ਤੇ ਉਪਯੋਗਿਤਾ ਨਾਲ ਤੋਲੇ ਜਾਣ, ਕਿਰਤ ਦੀ ਕਦਰ ਪੈਸੇ ਨਾਲ ਹੋਵੇ ਅਤੇ ਮਨੁੱਖ ਦੀ ਕੀਮਤ ਉਸਦੀ ਜ਼ਮੀਨ ਜਾਂ ਜਾਇਦਾਦ ਨਾਲ ਨਿਰਧਾਰਤ ਹੋਵੇ ਤਾਂ ਸਮਾਜ ਅੰਦਰੋਂ ਖੋਖਲਾ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦਾ ਖੇਤੀ ਵਾਲਾ ਰੂਪਕ ਇਸ ਲਈ ਅੱਜ ਵੀ ਬੜਾ ਪ੍ਰਸੰਗਿਕ ਹੈ—

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥

— ਅੰਗ 595

ਇੱਥੇ ਖੇਤੀ ਸਿਰਫ਼ ਧਰਤੀ ਦੀ ਨਹੀਂ, ਮਨੁੱਖ ਦੇ ਅੰਦਰ ਦੀ ਖੇਤੀ ਹੈ। ਮਨ ਹਾਲੀ ਹੈ, ਸਰੀਰ ਖੇਤ ਹੈ, ਮਿਹਨਤ ਪਾਣੀ ਹੈ ਅਤੇ ਸੰਤੋਖ ਸੁਹਾਗਾ ਹੈ।

ਸ਼ਬਦ ਗੁਰੂ ਹੈ, ਭੇਖ ਨਹੀਂ

ਅੱਜ ਸਾਡੇ ਕੋਲ ਧਾਰਮਿਕ ਭੇਖ ਬਹੁਤ ਹੈ, ਪਰ ਗੁਰਮਤਿ ਦੀ ਵਿਚਾਰ ਕਿੰਨੀ ਹੈ?

ਗੁਰੂ ਨਾਨਕ ਸਾਹਿਬ ਦਾ ਸਿਧਾਂਤ—

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

— ਅੰਗ 943

ਸਾਨੂੰ ਬਾਹਰੀ ਪਛਾਣ ਤੋਂ ਅੰਦਰਲੀ ਸੂਝ ਵੱਲ ਲੈ ਜਾਂਦਾ ਹੈ।

ਸਿੱਖੀ ਦਾ ਮਤਲਬ ਕੇਵਲ ਬਾਣਾ ਨਹੀਂ; ਬਾਣੇ ਦੇ ਪਿੱਛੇ ਬਾਣੀ ਦੀ ਸਮਝ ਅਤੇ ਜੀਵਨ ਵਿੱਚ ਉਸ ਦਾ ਅਮਲ ਵੀ ਹੈ। ਜੇ ਬਾਬੇ ਦੀ ਬਾਣੀ ਪੜ੍ਹ ਕੇ ਵੀ ਅਸੀਂ ਗਰੀਬ ਦੀ ਮਜਬੂਰੀ ਨਹੀਂ ਸਮਝਦੇ, ਕਿਰਤੀ ਦੀ ਕਿਰਤ ਦੀ ਕਦਰ ਨਹੀਂ ਕਰਦੇ, ਕੁਦਰਤ ਨਾਲ ਧੱਕਾ ਕਰਦੇ ਹਾਂ ਅਤੇ ਆਪਣੇ ਤੋਂ ਵੱਖਰੇ ਮਨੁੱਖ ਨੂੰ ਨੀਵਾਂ ਸਮਝਦੇ ਹਾਂ ਤਾਂ ਸਾਨੂੰ ਆਪਣੇ ਧਾਰਮਿਕ ਹੋਣ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਅਸਲ ਤੀਰਥ ਕਿੱਥੇ ਹੈ?

ਅਸਲ ਤੀਰਥ ਸ਼ਾਇਦ ਉਹ ਥਾਂ ਨਹੀਂ ਜਿੱਥੇ ਹਜ਼ਾਰਾਂ ਲੋਕ ਇਕੱਠੇ ਹੋ ਕੇ ਪਾਣੀ ਵਿੱਚ ਉਤਰਦੇ ਹਨ। ਅਸਲ ਤੀਰਥ ਤਾਂ ਉਹ ਮਨੁੱਖੀ ਮਨ ਹੈ ਜਿੱਥੇ ਨਫ਼ਰਤ ਦੀ ਥਾਂ ਪਿਆਰ, ਲਾਲਚ ਦੀ ਥਾਂ ਸੰਤੋਖ, ਹਉਮੈ ਦੀ ਥਾਂ ਨਿਮਰਤਾ ਅਤੇ ਬੇਹਿਸੀ ਦੀ ਥਾਂ ਦਰਦ ਜਨਮ ਲੈਂਦਾ ਹੈ।

ਪਾਣੀ ਸਰੀਰ ਧੋ ਸਕਦਾ ਹੈ;

ਪਰ ਮਨੁੱਖ ਨੂੰ ਮਨੁੱਖ ਬਣਾਉਣ ਲਈ ਵਿਚਾਰ, ਕਿਰਤ, ਸੱਚ ਅਤੇ ਦਇਆ ਦੀ ਲੋੜ ਹੈ।

ਅੱਜ ਸਭ ਤੋਂ ਵੱਡਾ ਇਸ਼ਨਾਨ ਸ਼ਾਇਦ ਇਹ ਹੈ ਕਿ ਅਸੀਂ ਆਪਣੇ ਅੰਦਰ ਜਮ੍ਹਾਂ ਹੋਈ ਹਉਮੈ, ਲਾਲਚ, ਨਫ਼ਰਤ ਅਤੇ ਬੇਹਿਸੀ ਦੀ ਮੈਲ ਧੋਈਏ।

ਕਿਉਂਕਿ ਗੁਰੂ ਦੀ ਬਾਣੀ ਦਾ ਸਵਾਲ ਅੱਜ ਵੀ ਉਹੀ ਹੈ—

“ਤੈ ਕੀ ਦਰਦੁ ਨ ਆਇਆ?”

ਜੇ ਦੂਜੇ ਦੇ ਦਰਦ ਨਾਲ ਸਾਡਾ ਮਨ ਨਹੀਂ ਕੰਬਦਾ ਤਾਂ ਫਿਰ ਤੀਰਥ ਕਿੰਨੇ ਵੀ ਕਰ ਲਈਏ, ਮਨ ਦਾ ਤੀਰਥ ਅਜੇ ਬਾਕੀ ਹੈ।

ਵਿਗਿਆਨਿਕ ਸੋਚ... !





ਹਰਪ੍ਰੀਤ ਕੌਰ ਸੰਧੂ

ਸਮੱਸਿਆ ਭਾਰਤੀਆਂ ਦੀ ਸਿਰਫ ਇੱਕ ਹੈ ਉਹ ਇਹ ਕਿ ਉਹਨਾਂ ਨੇ ਵਿਗਿਆਨਿਕ ਸੋਚ ਨਹੀਂ ਅਪਣਾਈ। ਕਿਸੇ ਇੱਕ ਦੇ ਜੇਕਰ ਕਿਸੇ ਧਾਰਮਿਕ ਕੁਰੀਤੀ ਤੇ ਜਾਂ ਕਿਸੇ ਐਸੀ ਪ੍ਰਥਾ ਤੇ ਸਵਾਲ ਚੁੱਕਿਆ ਜੋ ਵਿਗਿਆਨ ਦੇ ਹਿਸਾਬ ਨਾਲ ਸਹੀ ਨਹੀਂ ਲੱਗਦੀ ਤਾਂ ਬਜਾਏ ਉਸਦਾ ਜਵਾਬ ਦੇਣ ਦੇ ਉਸਨੂੰ ਅੱਗੋਂ ਦਾ ਸਵਾਲ ਹੋਰ ਕਰ ਦਿੱਤੇ ਗਏ ਅਜਿਹੀਆਂ ਹੋਰ ਰਸਮਾਂ ਬਾਰੇ। ਅਸੀਂ ਇਹ ਸੋਚਣ ਲੱਗ ਗਏ ਕਿ ਜੋ ਸਾਡਾ ਧਰਮ ਕਰਦਾ ਹੈ ਉਹ ਠੀਕ ਹੈ ਤੇ ਜੋ ਦੂਜਾ ਧਰਮ ਕਰਦਾ ਹੈ ਉਹ ਗਲਤ। ਸੋਚਣਾ ਇਹ ਚਾਹੀਦਾ ਸੀ ਕਿ ਸਾਰੇ ਧਰਮਾਂ ਵਿੱਚ ਹੀ ਕਿਤੇ ਨਾ ਕਿਤੇ ਕਰਮ ਕਾਂਡ ਸ਼ਾਮਿਲ ਹੋ ਰਿਹਾ ਹੈ। ਧਰਮ ਕੋਈ ਵੀ ਹੋਵੇ ਉਸ ਦਾ ਉਦੇਸ਼ ਕੇਵਲ ਮਨੁੱਖਤਾ ਨੂੰ ਸਹੀ ਜੀਵਨ ਜਾਚ ਦਾ ਸੰਦੇਸ਼ ਦੇਣਾ ਹੈ। ਕੋਈ ਧਰਮ ਗਲਤ ਸਿੱਖਿਆ ਨਹੀਂ ਦਿੰਦਾ ਇਹ ਅਸੀਂ ਹਾਂ ਜੋ ਆਪਣੇ ਸ਼ਬਦਾਂ ਨਾਲ ਗੱਲਾਂ ਨੂੰ ਵਿਗਾੜ ਲੈਂਦੇ ਹਾਂ। ਕਿਸੇ ਨੇ ਕਿਹਾ ਕਿ ਗੁਰੂ ਨਾਨਕ ਨੇ ਵਲੀ ਕੰਧਾਰੀ ਨੂੰ ਭਸਮ ਕਰ ਦਿੱਤਾ। ਹੁਣ ਇਸ ਗੱਲ ਨਾਲ ਬਾਬਾ ਚਮਤਕਾਰੀ ਹੋ ਗਿਆ। ਕਹਿਣ ਵਾਲੇ ਨੇ ਇਹ ਨਹੀਂ ਦੱਸਿਆ ਕਿ ਵਲੀ ਕੰਧਾਰੀ ਦਾ ਅਹੰਕਾਰ ਭਸਮ ਕਰ ਦਿੱਤਾ। ਇਸ ਨਾਲ ਬਾਬਾ ਇੱਕ ਤਰਕਸ਼ੀਲ ਸ਼ਖਸੀਅਤ ਦੀ ਤਰ੍ਹਾਂ ਪੇਸ਼ ਹੋਣਾ ਸੀ। ਬਸ ਅਸੀਂ ਭਾਰਤੀ ਆਪਣੇ ਧਰਮ ਨਾਲ ਅੱਖਾਂ ਬੰਦ ਕਰਕੇ ਜੁੜੇ ਹਾਂ। ਸਾਡੀਆਂ ਧਾਰਮਿਕ ਭਾਵਨਾਵਾਂ ਸਿਰਫ ਉਦੋਂ ਭੜਕਦੀਆਂ ਹਨ ਜਦੋਂ ਸਾਡੇ ਧਰਮ ਤੇ ਕੋਈ ਸਵਾਲ ਕੀਤਾ ਜਾਵੇ। ਸਵਾਲ ਦਰਅਸਲ ਧਰਮ ਤੇ ਨਹੀਂ ਹੁੰਦਾ ਸਵਾਲ ਉਸ ਵਿੱਚ ਚੱਲ ਰਹੀ ਕਿਸੇ ਅਜਿਹੀ ਰੀਤ ਤੇ ਹੁੰਦਾ ਹੈ ਜੋ ਵੇਲਾ ਵਿਹਾਅ ਚੁੱਕੀ ਹੈ। ਹੁਣ ਸਾਇੰਸ ਵਾਲੀ ਭੈਣ ਜੀ ਜਦੋਂ ਬੱਚਿਆਂ ਨੂੰ ਚੰਦਰਮਾ ਬਾਰੇ ਚੰਦਰਮਾ ਗ੍ਰਹਿਣ ਬਾਰੇ ਪੜ੍ਹਾਉਂਦੀ ਹੈ ਤੇ ਉਸ ਤੋਂ ਬਾਅਦ ਕਰਵਾ ਚੌਥ ਦਾ ਵਰਤ ਰੱਖਦੀ ਹੈ ਤਾਂ ਕਿਵੇਂ ਸੋਚ ਲੈਂਦੇ ਹੋ ਕਿ ਉਸ ਦੇ ਵਿਦਿਆਰਥੀ ਵਿਗਿਆਨਿਕ ਸੋਚ ਰੱਖਣਗੇ। ਬੀਐਸਸੀ ਐਮਐਸਸੀ ਕਰਕੇ ਜਦ ਉਸਦੀ ਸੋਚ ਵਿਗਿਆਨਿਕ ਨਹੀਂ ਹੋਈ ਤਾਂ ਬੱਚਿਆਂ ਦੀ ਕੀ ਹੋਣੀ ਹੈ। ਓਸ਼ੋ ਕਿਤੇ ਕਹਿੰਦਾ ਹੈ ਕਿ ਕਿਸੇ ਧਾਰਮਿਕ ਬੰਦੇ ਨੂੰ ਇੱਕ ਸਵਾਲ ਪੁੱਛੋ ਤਾਂ ਉਹ ਉਸਦੇ 100 ਜਵਾਬ ਦਵੇਗਾ ਤੇ ਕਹੇਗਾ ਕਿ ਇਹ ਸਾਰੇ ਸਹੀ ਹਨ। ਪਰ ਕਿਸੇ ਇੱਕ ਵਿਗਿਆਨਿਕ ਨੂੰ 100 ਸਾਲ ਪੁੱਛੋ ਤਾਂ ਉਹ ਉਨਾਂ ਚੋਂ ਇੱਕ ਦੇ ਜਵਾਬ ਵਿੱਚ ਵੀ ਇਹ ਨਹੀਂ ਕਹੇਗਾ ਕਿ ਇਹ ਆਖਰੀ ਜਵਾਬ ਹੈ ਉਹ ਕਹੇਗਾ ਕਿ ਅੱਜ ਦੀ ਸਥਿਤੀ ਦੇ ਮੁਤਾਬਕ ਇਹ ਜਵਾਬ ਹੈ ਹੋ ਸਕਦਾ ਹੈ ਕੱਲ ਕੁਝ ਹੋਰ ਹੋਵੇ। ਖੜੋਤ ਕਿਸੇ ਵੀ ਚੀਜ਼ ਵਿੱਚ ਮਾੜੀ ਹੁੰਦੀ ਹੈ। ਵਿਚਾਰਾਂ ਵਿੱਚ ਤਾਂ ਖੜੋਤ ਤੋਂ ਮਾੜਾ ਕੁਝ ਵੀ ਨਹੀਂ।

ਅੱਜ ਜਦੋਂ ਵਿਗਿਆਨ ਇੰਨ

ਹੈਮਿਲਟਨ ਮੈਰਾਥਨ ਰੋਡ 2 ਹੋਪ' ਈਵੈਂਟ 'ਚ ਟੀ.ਪੀ.ਏ.ਆਰ. ਕਲੱਬ ਦੇ ਮੈਰਾਥਨ ਦੌੜਾਕਾਂ ਜੱਸੀ ਧਾਲੀਵਾਲ ਤੇ ਕਰਮਜੀਤ ਖੰਗੂੜਾ ਦਾ ਸ਼ਾਨਦਾਰ ਪ੍ਰਦਰਸ਼ਨ

ਜੱਸੀ ਧਾਲੀਵਾਲ ਨੇ ਇਹ ਦੌੜ 3 ਘੰਟੇ 47 ਮਿੰਟ 9 ਸਕਿੰਟ 'ਚ ਪੂਰੀ ਕਰਕੇ ਜੌਰਜਿਨਾ ਮੈਰਾਥਨ ਦੇ ਆਪਣੇ 3 ਘੰਟੇ 48 ਮਿੰਟ 14 ਸਕਿੰਟ ਦੇ ਸਮੇਂ 'ਚ ਸੁਧਾਰ ਕੀਤਾ







ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 1 ਨਵੰਬਰ ਨੂੰ ਹੈਮਿਲਟਨ ਵਿੱਚ ਹੋਏ 'ਹੈਮਿਲਟਨ ਮੈਰਾਥਨ ਰੋਡ 2 ਹੋਪ' ਈਵੈਂਟ ਵਿੱਚ ਟੀ.ਪੀ.ਏ.ਆਰ. ਕਲੱਬ ਦੇ ਮੈਰਾਥਨ ਦੌੜਾਕਾਂ ਜਸਵਿੰਦਰ ਜੱਸੀ ਧਾਲੀਵਾਲ ਅਤੇ ਕਰਮਜੀਤ ਖੰਗੂੜਾ ਵੱਲੋਂ ਇਸ ਫੁੱਲ-ਮੈਰਾਥਨ ਦੌੜ ਵਿੱਚ ਸ਼ਾਨਦਾਰ ਮੁਜ਼ਾਹਿਰਾ ਕੀਤਾ ਗਿਆ। ਸਵੇਰੇ 8.00 ਵਜੇ ਆਰੰਭ ਹੋਈ ਇਹ 42.2 ਕਿਲੋਮੀਟਰ ਦੌੜ ਜੱਸੀ ਧਾਲੀਵਾਲ ਨੇ 3 ਘੰਟੇ 47 ਮਿੰਟ 9 ਸਕਿੰਟ ਵਿੱਚ ਸਫ਼ਲਤਾ ਪੂਰਵਕ ਸੰਪੰਨ ਕਰਦਿਆਂ ਹੋਇਆਂ ਸਤੰਬਰ ਮਹੀਨੇ ਹੋਈ ਜੌਰਜਿਨਾ ਮੈਰਾਥਨ ਵਿੱਚ ਆਪਣੇ 3 ਘੰਟੇ 48 ਮਿੰਟ 14 ਸਕਿੰਟ ਦੇ ਰਿਕਾਰਡ ਵਿੱਚ ਸੁਧਾਰ ਕੀਤਾ, ਜਦਕਿ ਉਸਦੇ ਨਾਲ ਦੌੜਦਿਆਂ ਹੋਇਆਂ ਕਰਮਜੀਤ ਸਿੰਘ ਖੰਗੂੜਾ ਵੱਲੋਂ ਇਹ ਦੌੜ 3 ਘੰਟੇ 49 ਮਿੰਟ 39 ਸਕਿੰਟ ਵਿੱਚ ਪੂਰੀ ਕੀਤੀ ਗਈ।

ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਜੱਸੀ ਧਾਲੀਵਾਲ ਨੇ ਦੱਸਿਆ ਕਿ 42.2 ਕਿਲੋਮੀਟਰ ਲੰਮੀ ਇਸ ਦੌੜ ਦੇ ਆਖ਼ਰੀ ਪੜਾਅ 'ਚ ਕੁਝ ਕੁ ਕਿਲੋਮੀਟਰ ਰਹਿੰਦਿਆਂ ਉਹ ਕੁਝ ਥਕਾਵਟ ਮਹਿਸੂਸ ਕਰ ਰਿਹਾ ਸੀ, ਪਰ ਫਿਰ ਆਪਣੇ ਸਰੀਰ ਨੂੰ ਛੰਡਦਿਆਂ ਹੋਇਆਂ ਉਸ ਨੇ ਪੂਰਾ ਜ਼ੋਰ ਲਗਾ ਕੇ ਇਹ ਦੌੜ ਪੂਰੀ ਕੀਤੀ ਅਤੇ ਉਹ 'ਜੌਰਜਿਨਾ ਮੈਰਾਥਨ' ਦੌੜ ਦੇ ਆਪਣੇ ਪਿਛਲੇ ਰਿਕਾਰਡ ਦੇ ਸਮੇਂ ਨੂੰ ਘਟਾਉਣ ਵਿੱਚ ਸਫ਼ਲ ਹੋਇਆ। ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਵੱਲੋਂ ਇਨ੍ਹਾਂ ਦੋਹਾਂ ਮੈਰਾਥਨ ਦੌੜਾਕਾਂ ਨੂੰ ਇਸ ਸ਼ਾਨਦਾਰ ਸਫ਼ਲਤਾ ਲਈ ਹਾਰਦਿਕ ਮੁਬਾਰਕਬਾਦ ਦਿੱਤੀ ਗਈ।

ਇਸ ਦਿਨ 21 ਕਿਲੋਮੀਟਰ ਹਾਫ਼-ਮੈਰਾਥਨ ਦੌੜ ਵੀ ਹੋਈ ਅਤੇ ਇਸ ਤੋਂ ਇੱਕ ਦਿਨ ਪਹਿਲਾਂ ਦੌੜਾਂ ਦੇ ਇਸ ਦੋ ਦਿਨਾਂ ਈਵੈਂਟ ਵਿੱਚ ਸ਼ਨੀਵਾਰ 31 ਅਕਤੂਬਰ ਨੂੰ ਬੱਚਿਆਂ ਲਈ 1 ਕਿਲੋਮੀਟਰ 'ਫ਼ੰਨ ਰਨ' ਅਤੇ ਹੋਰ ਦੌੜਾਕਾਂ ਲਈ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜਾਂ ਕਰਵਾਈਆਂ ਗਈਆਂ। ਇਨ੍ਹਾਂ ਸਾਰੀਆਂ ਦੌੜਾਂ ਵਿੱਚ ਪਹਿਲੇ ਤੇ ਦੂਸਰੇ ਸਥਾਨ 'ਤੇ ਆਉਣ ਵਾਲਿਆਂ ਨੂੰ ਸ਼ਾਨਦਾਰ ਟਰਾਫ਼ੀਆਂ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇੱਥੇ ਇਹ ਜ਼ਿਕਰਯੋਗ ਹੈ ਕਿ ਦੌੜਾਂ ਦਾ ਇਹ ਦਿਲਚਸਪ ਚੈਰਿਟੀ ਈਵੈਂਟ 'ਹੈਮਿਲਟਨ ਮੈਰਾਥਨ ਰੋਡ 2 ਹੋਪ' ਦੇ ਨਾਂ ਹੇਠ ਹਰ ਸਾਲ ਕਰਵਾਇਆ ਜਾਂਦਾ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਦੌੜਾਕ ਇਸ ਵਿੱਚ ਹਿੱਸਾ ਲੈਂਦੇ ਹਨ। ਈਵੈਂਟ ਦੇ ਪ੍ਰਬੰਧਕਾਂ ਅਨੁਸਾਰ ਇਸ ਸਾਲ ਇਸ ਚੈਰਿਟੀ ਲਈ 1,32,000 ਡਾਲਰ ਦੀ ਰਕਮ ਇਕੱਤਰ ਹੋਈ। ਇਸ ਈਵੈਂਟ ਵਿੱਚ ਇਸ ਵਾਰ ਫੁੱਲ-ਮੈਰਾਥਨ ਦੌੜ ਵਿੱਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ 951 ਸੀ ਅਤੇ ਇਸ ਵਿੱਚ ਭਾਗ ਲੈਣ ਵਾਲੇ 45-49 ਸਾਲ ਦੇ ਆਪਣੇ ਉਮਰ-ਵਰਗ ਦੇ 45 ਦੌੜਾਕਾਂ ਵਿੱਚੋਂ ਜੱਸੀ ਧਾਲੀਵਾਲ 20ਵੇਂ ਨੰਬਰ 'ਤੇ ਆਇਆ।

ਜੱਸੀ ਧਾਲੀਵਾਲ ਤੇ ਕਰਮਜੀਤ ਖੰਗੂੜਾ ਦੀ ਹੌਸਲਾ ਅਫ਼ਜ਼ਾਈ ਲਈ ਉਨ੍ਹਾਂ ਦੇ ਦੋਸਤ ਅਮਰਜੀਤ ਸਿੰਘ ਤੇ ਜਸਜੀਤ ਖੋਸਾ ਉਨ੍ਹਾਂ ਦੇ ਨਾਲ ਹੈਮਿਲਟਨ ਪਹੁੰਚੇ ਅਤੇ ਕਈ ਹੋਰ ਦੋਸਤ' ਵੀ ਉੱਥੇ ਹਾਜ਼ਰ ਸਨ। ਜਸਜੀਤ ਖੋਸਾ ਉਨ੍ਹਾਂ ਦੇ ਲਈ ਉਚੇਚੇ ਤੌਰ 'ਤੇ ਸੁਆਦਲਾ ਪੌਸ਼ਟਿਕ 'ਦਲੀਆ' ਬਣਾ ਕੇ ਲਿਆਇਆ ਜਿਸ ਨੂੰ ਸਾਰਿਆਂ ਨੇ ਮਿਲ ਕੇ ਬੜੇ ਚਾਅ ਨਾਲ ਛਕਿਆ। ਆਪਣੇ ਕੋਚ ਕਰਮਜੀਤ ਖੰਗੂੜਾ ਦਾ ਧੰਨਵਾਦ ਕਰਦਿਆਂ ਜੱਸੀ ਧਾਲੀਵਾਲ ਨੇ ਕਿਹਾ ਕਿ ਉਸਦੀ ਇਹ ਸਫ਼ਲਤਾ ਖੰਗੂੜਾ ਜੀ ਦੀ ਰਹਿਨਮਾਈ ਤੇ ਲਗਾਤਾਰ ਹੌਸਲਾ-ਅਫ਼ਜ਼ਾਈ ਅਤੇ ਟੀ.ਪਏ.ਆਰ ਕਲੱਬ ਦੇ ਮੈਂਬਰਾਂ ਦੇ ਸਹਿਯੋਗ ਸਦਕਾ ਹੀ ਸੰਭਵ ਹੋਈ ਹੈ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਕਲੱਬ ਦੇ ਸਮੂਹ ਸਾਥੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਭਾਰਤੀ ਹਵਾਈ ਸੈਨਾ ਦੇ ਨਵੇਂ ਮੁਖੀ ਬਣੇ ਏਅਰ ਚੀਫ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ, ਏ.ਪੀ. ਸਿੰਘ ਦੀ ਲਈ ਥਾਂ



ਭਾਰਤੀ ਹਵਾਈ ਸੈਨਾ ਦੇ ਨਵੇਂ ਮੁਖੀ ਏਅਰ ਚੀਫ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ ਬਣੇ। ਉਨ੍ਹਾਂ ਨੇ ਨੇ ਭਾਰਤੀ ਹਵਾਈ ਸੈਨਾ ਦੇ 29ਵੇਂ ਮੁਖੀ ਵਜੋਂ ਅਹੁਦਾ ਸੰਭਾਲਿਆ। ਏਅਰ ਚੀਫ਼ ਮਾਰਸ਼ਲ ਏ.ਪੀ. ਸਿੰਘ ਦੀ ਥਾਂ ਲਈ ਹੈ। ਏਅਰ ਚੀਫ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ ਇਕ ਬੇਹਤਰੀਨ ਫਾਈਟਰ ਪਾਇਲਟ ਹਨ ਅਤੇ ਉਨ੍ਹਾਂ ਕੋਲ 20 ਤੋਂ ਵਧ ਤਰ੍ਹਾਂ ਦੇ ਜਹਾਜ਼ਾਂ 'ਤੇ 3500 ਘੰਟੇ ਤੋਂ ਵੱਧ ਉਡਾਣ ਭਰਨ ਦਾ ਤਜਰਬਾ ਹੈ। ਉਨ੍ਹਾਂ ਨੇ ਅੱਜ ਨਵੇਂ 'ਚੀਫ ਆਫ਼ ਏਅਰ ਸਟਾਫ' ਵਜੋਂ ਕਾਰਜਭਾਰ ਸੰਭਾਲਿਆ। ਰਿਪੋਰਟ ਮੁਤਾਬਕ ਰੱਖਿਆ ਮੰਤਰਾਲੇ ਨੇ 6 ਅਕਤੂਬਰ 2026 ਨੂੰ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਸੀ।

ਦੱਸ ਦੇਈਏ ਕਿ ਏਅਰ ਚੀਫ ਮਾਰਸ਼ਲ ਆਸ਼ੂਤੋਸ਼ ਦੀਕਸ਼ਿਤ ਦਾ ਜਨਮ 9 ਦਸੰਬਰ 1966 ਨੂੰ ਹੋਇਆ ਸੀ। ਉਨ੍ਹਾਂ ਨੇ 6 ਦਸੰਬਰ 1986 ਨੂੰ ਭਾਰਤੀ ਹਵਾਈ ਫੌਜ ਵਿਚ ਕਮਿਸ਼ਨ ਲਿਆ ਸੀ। ਉਹ ਨੈਸ਼ਨਲ ਡਿਫੈਂਸ ਅਕੈਡਮੀ, ਬੰਗਲਾਦੇਸ਼ ਦੇ ਡਿਫੈਂਸ ਸਰਵਿਸਿਜ਼ ਸਟਾਫ ਕਾਲਜ ਤੇ ਭਾਰਤ ਦੇ ਨੈਸ਼ਨਲ ਡਿਫੈਂਸ ਕਾਲਜ ਦੇ ਸਾਬਕਾ ਵਿਦਿਆਰਥੀ ਹਨ। ਲਗਭਗ ਚਾਰ ਦਹਾਕਿਆਂ ਦੇ ਆਪਣੇ ਫੌਜੀ ਕਰੀਅਰ ਦੌਰਾਨ ਦੀਕਸ਼ਿਤ ਨੇ ਕਈ ਮਹੱਤਵਪੂਰਨ ਆਪ੍ਰੇਸ਼ਨਲ ਅਤੇ ਸਿਆਸੀ ਅਹੁਦਿਆਂ 'ਤੇ ਕੰਮ ਕੀਤਾ ਹੈ।

ਆਸ਼ੂਤੋਸ਼ ਦੀਕਸ਼ਿਤ ਨੇ ਆਪਣੇ ਕਰੀਅਰ ਵਿਚ ਕਈ ਜਹਾਜ਼ ਉਡਾਏ ਹਨ ਜਿਨ੍ਹਾਂ ਵਿਚ ਮਿਰਾਜ-2000, ਮਿਗ ਵੈਰੀਐਂਟਸ, ਜਗੁਆਰ, ਤੇਜਸ, ਕਿਰਨ, ਹਾਕ ਤੇ IL-78 ਸ਼ਾਮਲ ਹਨ। ਉਹ ਇਕ ਐਕਸਪੈਰੀਮੈਂਟਲ ਟੈਸਟ ਪਾਇਲਟ ਕੇ ਕੁਆਲੀਫਾਈਡ ਫਲਾਇੰਗ ਇੰਸਟ੍ਰਕਟਰ ਹਨ। ਉਨ੍ਹਾਂ ਦੇ ਆਪ੍ਰੇਸ਼ਨਲ ਤਜਰਬੇ ਵਿਚ ਆਪ੍ਰੇਸ਼ਨ ਸਫੇਦ ਸਾਗਰ, ਆਪ੍ਰੇਸ਼ਨ ਰਕਸ਼ਕ ਤੇ ਆਪ੍ਰੇਸ਼ਨ ਸਿੰਦੂਰ ਸ਼ਾਮਲ ਹਨ।

ਭਾਜਪਾ ਦੇ 'ਜ਼ਖ਼ਮ 84 ਦੇ' ਸੰਮੇਲਨ ਤੋਂ ਬਿੱਟੂ ਅਤੇ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਰਹੇ ਗੈਰ-ਹਾਜ਼ਰ



ਸਾਬਕਾ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ 1984 ਦੇ ਸਿੱਖ ਕਤਲੇਆਮ ਬਾਰੇ ਕਰਵਾਏ ਗਏ ਪੰਜਾਬ ਭਾਜਪਾ ਦੇ ਸੰਮੇਲਨ 'ਜ਼ਖ਼ਮ 84 ਦੇ' ਵਿੱਚੋਂ ਗੈਰ-ਹਾਜ਼ਰ ਰਹੇ, ਜੋ ਕਿ ਚਰਚਾ ਦਾ ਵਿਸ਼ਾ ਬਣਿਆ ਰਿਹਾ।

ਬਿੱਟੂ ਦੇ ਕਰੀਬੀਆਂ ਮੁਤਾਬਕ ਉਹ ਇੱਕ ਪਰਿਵਾਰਕ ਸਮਾਗਮ ਵਿੱਚ ਰੁੱਝੇ ਹੋਏ ਸਨ। ਉੱਥੇ ਹੀ ਪਾਰਟੀ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਸੈਣੀ ਨੇ ਸੰਮੇਲਨ ਦੇ ਇੱਕ ਸੈਸ਼ਨ ਨੂੰ ਸੰਬੋਧਨ ਕਰਨਾ ਸੀ, ਪਰ ਉਨ੍ਹਾਂ ਨੂੰ ਗੁਰੂਗ੍ਰਾਮ ਵਿੱਚ ਦੇਰੀ ਹੋ ਗਈ। ਪਾਰਟੀ ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ, "ਇਸ ਗੱਲ ਦੇ ਜ਼ਿਆਦਾ ਮਾਅਨੇ ਨਹੀਂ ਕੱਢੇ ਜਾਣੇ ਚਾਹੀਦੇ।" ਬਿੱਟੂ ਨੇ ਪੂਰਾ ਦਿਨ ਇਸ ਸਮਾਗਮ ਬਾਰੇ ਸੋਸ਼ਲ ਮੀਡੀਆ 'ਤੇ ਵੀ ਕੋਈ ਪੋਸਟ ਸਾਂਝੀ ਨਹੀਂ ਕੀਤੀ। ਕਾਂਗਰਸ ਅਤੇ ਰਾਹੁਲ ਗਾਂਧੀ 'ਤੇ ਨਿਸ਼ਾਨਾ ਸੇਧਣ ਵਾਲੇ ਇਸ ਸੰਮੇਲਨ ਵਿੱਚ ਸੂਬਾ ਪ੍ਰਧਾਨ, ਕੇਵਲ ਸਿੰਘ ਢਿੱਲੋਂ, ਇੰਚਾਰਜ ਸਤੀਸ਼ ਪੂਨੀਆ ਅਤੇ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਸ਼ਾਮਲ ਹੋਏ।

ਸਾਲ 2024 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ, ਬਿੱਟੂ ਅਕਸਰ ਕਾਂਗਰਸ ਖਿਲਾਫ 1984 ਦਾ ਮੁੱਦਾ ਚੁੱਕਦੇ ਰਹੇ ਹਨ। ਸਤੰਬਰ 2024 ਵਿੱਚ ਉਨ੍ਹਾਂ ਨੇ 'ਐਕਸ' (X) 'ਤੇ ਲਿਖਿਆ ਸੀ, "1984 ਤੋਂ 2024 ਤੱਕ, ਕਾਂਗਰਸ ਨਹੀਂ ਬਦਲੀ। ਉਦੋਂ ਵੀ ਉਹ ਸਿੱਖਾਂ ਦਾ ਖੂਨ ਮੰਗਦੇ ਸਨ ਅਤੇ ਉਹ ਅੱਜ ਵੀ ਇਹੀ ਚਾਹੁੰਦੇ ਹਨ।" ਇਸ ਸਾਲ ਫਰਵਰੀ ਵਿੱਚ, ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ "ਗੱਦਾਰ" ਕਹੇ ਜਾਣ ਤੋਂ ਬਾਅਦ, ਉਨ੍ਹਾਂ ਨੇ ਕਾਂਗਰਸ 'ਤੇ 1984 ਵਿੱਚ ਹਜ਼ਾਰਾਂ ਸਿੱਖਾਂ ਨੂੰ ਮਾਰਨ ਦਾ ਦੋਸ਼ ਲਾਇਆ ਸੀ।

ਕੁੰਵਰ ਵਿਜੇ ਪ੍ਰਤਾਪ ਸਿੰਘ, ਚੇਤਨ ਸਿੰਘ ਜੌੜਾ ਮਾਜਰਾ ਤੇ ਹਰਮੀਤ ਸਿੰਘ ਪਠਾਣ ਮਾਜਰਾ BJP 'ਚ ਹੋਏ ਸ਼ਾਮਲ



ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਸੂਬੇ ਦੀ ਸਿਆਸਤ ਵਿੱਚ ਇੱਕ ਵੱਡਾ ਸਿਆਸੀ ਉਲਟਫੇਰ ਹੋਇਆ ਹੈ, ਜਿੱਥੇ ਤਿੰਨ ਅਹਿਮ ਸਿਆਸੀ ਚਿਹਰਿਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਖ਼ਬਰ ਸਾਹਮਣੇ ਆ ਰਹੀ ਹੈ। ਸਭ ਤੋਂ ਵੱਡੀ ਖ਼ਬਰ ਸਾਬਕਾ IPS ਅਧਿਕਾਰੀ ਅਤੇ ਸਿਆਸਤਦਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਲੈ ਕੇ ਹੈ, ਜੋ ਹੁਣ ਭਾਰਤੀ ਜਨਤਾ ਪਾਰਟੀ ਦਾ ਹਿੱਸਾ ਬਣ ਗਏ ਹਨ। ਇਸ ਤੋਂ ਇਲਾਵਾ ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਨ੍ਹਾਂ ਤਿੰਨਾਂ ਚਿਹਰਿਆਂ ਦੀ ਭਾਜਪਾ ਵਿੱਚ ਐਂਟਰੀ ਨੂੰ ਪੰਜਾਬ ਦੀ ਆਉਣ ਵਾਲੀ ਸਿਆਸਤ ਦੇ ਲਿਹਾਜ਼ ਨਾਲ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ।

ਖ਼ਾਸ ਤੌਰ 'ਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਭਾਜਪਾ ਵਿੱਚ ਸ਼ਮੂਲੀਅਤ ਨੇ ਸਿਆਸੀ ਹਲਕਿਆਂ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਉੱਥੇ ਹੀ ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਦੇ ਇਸ ਫ਼ੈਸਲੇ ਨਾਲ ਵੀ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਹੈ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਆਗੂਆਂ ਦੇ ਭਾਜਪਾ ਵਿੱਚ ਜਾਣ ਨਾਲ ਪੰਜਾਬ ਦੀ ਸਿਆਸਤ 'ਤੇ ਕੀ ਅਸਰ ਪਵੇਗਾ? ਕੀ ਇਸ ਨਾਲ ਭਾਜਪਾ ਨੂੰ ਸੂਬੇ ਵਿੱਚ ਨਵੀਂ ਸਿਆਸੀ ਮਜ਼ਬੂਤੀ ਮਿਲੇਗੀ? ਆਉਣ ਵਾਲੇ ਦਿਨਾਂ ਵਿੱਚ ਇਸ ਸਿਆਸੀ ਬਦਲਾਅ ਦੇ ਹੋਰ ਵੀ ਕਈ ਪਹਿਲੂ ਸਾਹਮਣੇ ਆ ਸਕਦੇ ਹਨ।

ਰਾਜਸਥਾਨ 'ਚ ਦਰਦਨਾਕ ਹਾਦਸਾ

ਸੜਕ ਨਿਰਮਾਣ ਦੌਰਾਨ 8 ਮਜ਼ਦੂਰਾਂ ਦੀ ਕਰੰਟ ਲੱਗਣ ਨਾਲ ਮੌਤ





ਰਾਜਸਥਾਨ ਦੇ ਝੁੰਝੁਨੂੰ ਜ਼ਿਲ੍ਹੇ ਦੇ ਉਦੈਪੁਰਵਾਟੀ ਖੇਤਰ ਦੇ ਛਪੋਲੀ ਪਿੰਡ ਵਿੱਚ ਸੜਕ ਨਿਰਮਾਣ ਦੇ ਕੰਮ ਦੌਰਾਨ ਅੱਠ ਮਜ਼ਦੂਰ ਬਿਜਲੀ ਦੇ ਕਰੰਟ ਨਾਲ ਮੌਤ ਹੋ ਗਈ, ਜਦੋਂ ਕਿ ਕਈ ਹੋਰ ਇਸ ਹਾਦਸੇ ਵਿੱਚ ਜ਼ਖਮੀ ਹੋ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ।

ਪ੍ਰਧਾਨ ਮੰਤਰੀ ਦਫ਼ਤਰ ਨੇ ਪ੍ਰਧਾਨ ਮੰਤਰੀ ਮੋਦੀ ਦੇ ਹਵਾਲੇ ਨਾਲ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਪੋਸਟ ਕੀਤਾ ਕਿ ''ਰਾਜਸਥਾਨ ਦੇ ਝੁੰਝੁਨੂ ਵਿੱਚ ਹੋਏ ਹਾਦਸੇ ਵਿੱਚ ਹੋਏ ਜਾਨੀ ਨੁਕਸਾਨ ਤੋਂ ਦੁਖੀ ਹਾਂ। ਦੁਖੀ ਪਰਿਵਾਰਾਂ ਨਾਲ ਮੇਰੀ ਸੰਵੇਦਨਾ। ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ (PMNRF) ਤੋਂ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਜ਼ਖਮੀਆਂ ਨੂੰ 50,000 ਰੁਪਏ ਦਿੱਤੇ ਜਾਣਗੇ।''

ਇਸ ਤੋਂ ਪਹਿਲਾਂ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜ਼ਖਮੀਆਂ ਲਈ ਸਹੀ ਇਲਾਜ, ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਸਹਾਇਤਾ ਅਤੇ ਘਟਨਾ ਦੀ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਪੁਲਿਸ ਮੁਤਾਬਕ ਇਹ ਘਟਨਾ ਉਦੋਂ ਵਾਪਰੀ ਜਦੋਂ ਸੜਕ ਨਿਰਮਾਣ ਦੌਰਾਨ ਵਰਤੀ ਜਾਣ ਵਾਲੀ ਇੱਕ ਬੱਜਰੀ ਮਿਕਸਿੰਗ ਮਸ਼ੀਨ ਓਵਰਹੈੱਡ ਹਾਈ-ਟੈਂਸ਼ਨ ਪਾਵਰ ਲਾਈਨ ਦੇ ਸੰਪਰਕ ਵਿੱਚ ਆਈ। ਮਸ਼ੀਨ ਵਿੱਚੋਂ ਬਿਜਲੀ ਦਾ ਕਰੰਟ ਫੈਲ ਗਿਆ, ਜਿਸ ਨਾਲ ਮਜ਼ਦੂਰਾਂ ਨੂੰ ਕਰੰਟ ਲੱਗ ਗਿਆ। ਮ੍ਰਿਤਕ ਮੰਡਵਾੜਾ ਅਤੇ ਛਾਪੋਲੀ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਜ਼ਖਮੀਆਂ ਵਿੱਚ ਤਿੰਨ ਔਰਤਾਂ ਸ਼ਾਮਲ ਹਨ। ਉਦੈਪੁਰਵਤੀ ਪੁਲਿਸ ਸਟੇਸ਼ਨ ਦੇ ਸਟੇਸ਼ਨ ਅਫਸਰ ਰਾਮਪਾਲ ਨੇ ਘਟਨਾ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮਸ਼ੀਨ ਹਾਈ-ਵੋਲਟੇਜ ਪਾਵਰ ਲਾਈਨ ਦੇ ਸੰਪਰਕ ਵਿੱਚ ਆਉਣ 'ਤੇ ਮਜ਼ਦੂਰਾਂ ਨੂੰ ਕਰੰਟ ਲੱਗਿਆ। ਹਾਦਸੇ ਤੋਂ ਬਾਅਦ ਜ਼ਖਮੀਆਂ ਨੂੰ ਇਲਾਜ ਲਈ ਲਿਜਾਇਆ ਗਿਆ।

ਜਾਖੜ ਨੇ ਸਰਹੱਦੀ ਜ਼ਿਲ੍ਹਿਆਂ 'ਚ ਝੋਨੇ ਦੀ ਖਰੀਦ ਦੌਰਾਨ ਪ੍ਰਤੀ ਕੁਇੰਟਲ 6 ਤੋਂ 8 ਕਿੱਲੋ ਦੀ ਕਾਟ ਦਾ ਚੁੱਕਿਆ ਮੁੱਦਾ

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਬੁੱਧਵਾਰ ਨੂੰ ਸ

ਤਿਉਹਾਰਾਂ ਨਾਲ ਜੁੜੇ ਮੇਲੇ...!

ਤਿਉਹਾਰਾਂ ਦਾ ਮੌਸਮ ਆਉਂਦਿਆਂ ਹੀ ਹਰ ਪਾਸੇ ਖ਼ੁਸ਼ੀਆਂ ਦੀ ਰੌਣਕ ਛਾ ਜਾਂਦੀ ਹੈ। ਨਰਾਤਿਆਂ ਤੋਂ ਸ਼ੁਰੂ ਹੋਇਆ ਇਹ ਸਫ਼ਰ ਦੁਸਹਿਰੇ ਦੀਆਂ ਰੌਣਕਾਂ ਵਿੱਚੋਂ ਲੰਘਦਾ ਹੋਇਆ ਦੀਵਾਲੀ ਦੀ ਜਗਮਗਾਹਟ ਤੱਕ ਪਹੁੰਚਦਾ ਹੈ। ਬਾਜ਼ਾਰ ਸਜ ਜਾਂਦੇ ਹਨ, ਘਰਾਂ ਦੀ ਸਫ਼ਾਈ ਹੋਣ ਲੱਗਦੀ ਹੈ, ਨਵੇਂ ਕੱਪੜਿਆਂ ਦੀ ਖ਼ਰੀਦਦਾਰੀ ਹੁੰਦੀ ਹੈ ਅਤੇ ਵਧਾਈਆਂ ਦੇ ਸੰਦੇਸ਼ਾਂ ਦਾ ਆਦਾਨ-ਪ੍ਰਦਾਨ ਸ਼ੁਰੂ ਹੋ ਜਾਂਦਾ ਹੈ। ਬਦਲਦੇ ਮੌਸਮ ਦੀ ਮਿਠਾਸ ਅਤੇ ਤਿਉਹਾਰਾਂ ਦੀ ਖ਼ੁਸ਼ੀ ਮਿਲ ਕੇ ਵਾਤਾਵਰਨ ਨੂੰ ਰੰਗੀਨ ਬਣਾ ਦਿੰਦੀਆਂ ਹਨ।



ਇਨ੍ਹਾਂ ਤਿਉਹਾਰਾਂ ਨਾਲ ਜੁੜੇ ਮੇਲੇ, ਰਾਮਲੀਲ੍ਹਾ ਅਤੇ ਦੀਪਮਾਲਾ ਸਾਡੀ ਸੱਭਿਆਚਾਰਕ ਵਿਰਾਸਤ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਦਾ ਆਨੰਦ ਮਾਣਨਾ ਵੀ ਜ਼ਿੰਦਗੀ ਦਾ ਇੱਕ ਸੁਹਾਵਣਾ ਅਨੁਭਵ ਹੈ, ਪਰ ਕੀ ਅਸੀਂ ਕਦੇ ਇਨ੍ਹਾਂ ਤਿਉਹਾਰਾਂ ਦੇ ਬਾਹਰੀ ਰੰਗਾਂ ਜਾਂ ਕਰਮਕਾਂਡਾਂ ਤੋਂ ਪਰੇ ਜਾ ਕੇ ਇਨ੍ਹਾਂ ਦੇ ਅੰਦਰ ਲੁਕੇ ਅਧਿਆਤਮਕ ਸੰਦੇਸ਼ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ? ਕੀ ਨਰਾਤਿਆਂ ਤੋਂ ਦੀਵਾਲੀ ਤੱਕ ਦਾ ਪੂਰੇ ਇੱਕ ਮਹੀਨੇ ਦਾ ਇਹ ਸਫ਼ਰ ਸਿਰਫ਼ ਪੂਜਾ-ਪਾਠ, ਮੇਲਿਆਂ, ਮਠਿਆਈਆਂ ਅਤੇ ਦੀਵੇ ਬਾਲਣ ਤੱਕ ਹੀ ਸੀਮਤ ਹੈ ਜਾਂ ਇਸ ਵਿੱਚ ਮਨੁੱਖ ਦੇ ਜੀਵਨ ਨੂੰ ਬਦਲਣ ਦਾ ਕੋਈ ਡੂੰਘਾ ਰਹੱਸ ਵੀ ਛੁਪਿਆ ਹੋਇਆ ਹੈ? ਅਸਲ ਵਿੱਚ, ਇਹ ਤਿਉਹਾਰ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਆਪਣੇ ਜੀਵਨ ਨੂੰ ਅਧਿਆਤਮਕਤਾ ਦੀ ਰੌਸ਼ਨੀ ਨਾਲ ਭਰਨ ਦਾ ਸੁਨੇਹਾ ਦਿੰਦੇ ਹਨ।

ਨਰਾਤਿਆਂ ਤੋਂ ਦੀਵਾਲੀ ਤੱਕ ਦਾ ਅਧਿਆਤਮਕ ਰਹੱਸ ਕੀ ਹੈ? ਅਸਲ ਵਿੱਚ ਨਰਾਤਿਆਂ ਦੇ ਨੌਂ ਦਿਨਾਂ ਦੌਰਾਨ ਮਾਤਾ ਦੁਰਗਾ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ ਜਿਸ ਰਾਹੀਂ ਮਾਂ ਦੁਰਗਾ ਦੇ ਹਰ ਇੱਕ ਰੂਪ ਵਿੱਚੋਂ ਸਾਨੂੰ ਹਰ ਰੋਜ਼ ਇੱਕ ਨਵਾਂ ਸੰਦੇਸ਼ ਮਿਲਦਾ ਹੈ। ਦੂਜੇ ਪਾਸੇ, ਇਨ੍ਹਾਂ ਦਿਨਾਂ ਵਿੱਚ ਰਾਮਲੀਲ੍ਹਾ ਰਾਹੀਂ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਦੀ ਕਥਾ ਵੀ ਪੇਸ਼ ਕੀਤੀ ਜਾਂਦੀ ਹੈ। ਹਰ ਰਾਤ ਰਾਮਾਇਣ ਦੇ ਕਿਸੇ ਪ੍ਰਸੰਗ ਨੂੰ ਨਾਟਕੀ ਰੂਪ ਵਿੱਚ ਦਿਖਾਇਆ ਜਾਂਦਾ ਹੈ। ਹਰ ਦਿਨ ਦੇ ਕਾਂਡ ਵਿੱਚ ਵੀ ਕੋਈ ਨਾ ਕੋਈ ਸੰਦੇਸ਼ ਮਿਲਦਾ ਹੈ। ਫਿਰ ਦਸਵੇਂ ਦਿਨ ਦੁਸਹਿਰੇ ਮੌਕੇ ਰਾਵਣ ਦੇ ਪੁਤਲੇ ਦਾ ਦਹਿਨ ਕਰਕੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਇਸ ਤੋਂ ਵੀਹ ਦਿਨ ਬਾਅਦ ਸ੍ਰੀ ਰਾਮ ਜੀ ਦੇ ਅਯੁੱਧਿਆ ਪਰਤਣ ਦੀ ਖ਼ੁਸ਼ੀ ਵਿੱਚ ਦੀਵਾਲੀ ਮਨਾਈ ਜਾਂਦੀ ਹੈ ਅਤੇ ਦੀਵੇ ਜਗਾ ਕੇ ਹਨੇਰੇ ਨੂੰ ਰੌਸ਼ਨੀ ਵਿੱਚ ਬਦਲਣ ਦਾ ਪ੍ਰਤੀਕਾਤਮਕ ਦ੍ਰਿਸ਼ ਸਿਰਜਿਆ ਜਾਂਦਾ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਜੇਕਰ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਸਮਝਿਆ ਜਾਵੇ ਤਾਂ ਇਹ ਮਨੁੱਖ ਦੇ ਅੰਦਰ ਚੱਲਣ ਵਾਲੇ ਸੰਘਰਸ਼ ਦੀ ਕਹਾਣੀ ਜਾਪਦੀਆਂ ਹਨ। ਸ੍ਰੀ ਰਾਮ ਦਾ ਜੀਵਨ ਸਾਨੂੰ ਔਕੜਾਂ ਦਾ ਸਾਹਮਣਾ ਕਰਨ, ਸੱਚ ਦੇ ਮਾਰਗ ਉੱਤੇ ਚੱਲਣ ਅਤੇ ਧਰਮ ਤੇ ਮਰਿਆਦਾ ਦੀ ਰੱਖਿਆ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਕਥਾ ਵਿੱਚ ਆਉਣ ਵਾਲੀਆਂ ਘਟਨਾਵਾਂ ਜਾਂ ਮੁਸ਼ਕਲਾਂ ਮਨੁੱਖੀ ਜੀਵਨ ਦੀਆਂ ਚੁਣੌਤੀਆਂ ਦਾ ਪ੍ਰਤੀਕ ਬਣਦੀਆਂ ਹਨ।

ਇਸੇ ਤਰ੍ਹਾਂ ਨਰਾਤਿਆਂ ਦੌਰਾਨ ਦੇਵੀ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕਰਨਾ ਵੀ ਸਾਨੂੰ ਇਸੇ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਮਨੁੱਖ ਦੇ ਅੰਦਰ ਅਨੇਕਾਂ ਸ਼ਕਤੀਆਂ ਮੌਜੂਦ ਹਨ। ਲੋੜ ਸਿਰਫ਼ ਇਨ੍ਹਾਂ ਨੂੰ ਪਛਾਣਨ ਅਤੇ ਸਹੀ ਦਿਸ਼ਾ ਵਿੱਚ ਵਰਤਣ ਦੀ ਹੈ। ਜੇਕਰ ਅਸੀਂ ਇਨ੍ਹਾਂ ਸ਼ਕਤੀਆਂ ਨੂੰ ਆਪਣੇ ਜੀਵਨ ਵਿੱਚ ਅਮਲੀ ਰੂਪ ਦੇ ਸਕੀਏ ਤਾਂ ਆਪਣੇ ਅੰਦਰਲੇ ਵਿਕਾਰਾਂ ਨਾਲ ਲੜਨਾ ਅਤੇ ਉਨ੍ਹਾਂ ਉੱਤੇ ਜਿੱਤ ਹਾਸਲ ਕਰਨਾ ਸੰਭਵ ਹੋ ਸਕਦਾ ਹੈ। ਦੁਸਹਿਰੇ ਦੇ ਦਿਨ ਰਾਵਣ ਦੇ ਦਸ ਸਿਰਾਂ ਵਾਲੇ ਪੁਤਲੇ ਨੂੰ ਸਾੜ ਕੇ ਅਸੀਂ ਬਦੀ ਉੱਤੇ ਨੇਕੀ ਦੀ ਜਿੱਤ ਦਾ ਜਸ਼ਨ ਮਨਾਉਂਦੇ ਹਾਂ, ਪਰ ਇੱਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਸਦੀਆਂ ਤੋਂ ਹਰ ਸਾਲ ਰਾਵਣ ਦੇ ਪੁਤਲੇ ਸਾੜੇ ਜਾ ਰਹੇ ਹਨ ਤਾਂ ਕੀ ਮਨੁੱਖ ਦੇ ਅੰਦਰ ਵਸਦੀ ਬੁਰਾਈ ਵੀ ਉਸੇ ਅਨੁਪਾਤ ਵਿੱਚ ਘਟ ਰਹੀ ਹੈ? ਜੇਕਰ ਅਜਿਹਾ ਨਹੀਂ ਹੋ ਰਿਹਾ ਤਾਂ ਸਾਨੂੰ ਇਸ ਤਿਉਹਾਰ ਦੇ ਅਸਲ ਸੰਦੇਸ਼ ਨੂੰ ਸਮਝਣ ਦੀ ਲੋੜ ਹੈ। ਰਾਵਣ ਦਾ ਪੁਤਲਾ ਸਾੜਨਾ ਇੱਕ ਕਰਮਕਾਂਡੀ ਕਿਰਿਆ ਹੈ, ਪਰ ਮਨੁੱਖ ਦੇ ਅੰਦਰ ਬੈਠੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਸ਼, ਵੈਰ ਅਤੇ ਅਗਿਆਨਤਾ ਵਰਗੇ ਵਿਕਾਰਾਂ ਦਾ ਨਾਸ਼ ਕਰਨਾ ਹੀ ਇਸ ਪ੍ਰਤੀਕ ਦਾ ਅਸਲ ਮਨੋਰਥ ਹੈ। ਜੇਕਰ ਅਸੀਂ ਹਰ ਸਾਲ ਰਾਵਣ ਦੇ ਪੁਤਲੇ ਨੂੰ ਸਾੜਦੇ ਹਾਂ, ਪਰ ਆਪਣੇ ਅੰਦਰ ਪਲ ਰਹੇ ਹੰਕਾਰ, ਨਫ਼ਰਤ, ਲਾਲਚ ਅਤੇ ਦੂਜਿਆਂ ਪ੍ਰਤੀ ਮਾੜੀ ਭਾਵਨਾ ਵਰਗੀਆਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਕੋਈ ਯਤਨ ਨਹੀਂ ਕਰਦੇ ਤਾਂ ਇਹ ਤਿਉਹਾਰ ਸਿਰਫ਼ ਬਾਹਰੀ ਦਿਖਾਵੇ ਤੱਕ ਹੀ ਸੀਮਤ ਰਹਿ ਜਾਂਦਾ ਹੈ।

ਦਰਅਸਲ, ਮਨੁੱਖ ਦਾ ਸਭ ਤੋਂ ਵੱਡਾ ਵੈਰੀ ਉਸ ਦੇ ਅੰਦਰ ਬੈਠਾ ਵਿਕਾਰਾਂ ਦਾ ਸਮੂਹ ਹੈ। ਇਹ ਵਿਕਾਰ ਹੌਲੀ-ਹੌਲੀ ਉਸ ਦੀ ਸੋਚ, ਸਮਝ ਅਤੇ ਵਿਹਾਰ ਉੱਤੇ ਕਬਜ਼ਾ ਕਰ ਲੈਂਦੇ ਹਨ। ਮਨੁੱਖ ਦੂਜਿਆਂ ਦੀਆਂ ਕਮੀਆਂ ਲੱਭਣ ਵਿੱਚ ਤਾਂ ਪੂਰੀ ਤਾਕਤ ਲਾ ਦਿੰਦਾ ਹੈ, ਪਰ ਆਪਣੇ ਅੰਦਰ ਦੀਆਂ ਕਮੀਆਂ ਵੱਲ ਦੇਖਣ ਤੋਂ ਕਤਰਾਉਂਦਾ ਹੈ। ਦੂਜਿਆਂ ਨੂੰ ਬਦਲਣ ਦੀ ਇੱਛਾ ਰੱਖਣ ਵਾਲਾ ਮਨੁੱਖ ਜੇਕਰ ਪਹਿਲਾਂ ਆਪਣੇ ਆਪ ਨੂੰ ਬਦਲਣ ਦੀ ਕੋਸ਼ਿਸ਼ ਕਰੇ ਤਾਂ ਉਸ ਦੇ ਜੀਵਨ ਵਿੱਚ ਅਸਲ ਤਬਦੀਲੀ ਆ ਸਕਦੀ ਹੈ। ਇਸ ਲਈ ਦੁਸਹਿਰੇ ਦਾ ਅਸਲ ਅਰਥ ਸਿਰਫ਼ ਰਾਵਣ ਦੇ ਪੁਤਲੇ ਨੂੰ ਅੱਗ ਲਾਉਣਾ ਨਹੀਂ, ਸਗੋਂ ਆਪਣੇ ਅੰਦਰ ਬੈਠੀਆਂ ਬੁਰਾਈਆਂ ਨੂੰ ਪਛਾਣ ਕੇ ਉਨ੍ਹਾਂ ਨੂੰ ਖ਼ਤਮ ਕਰਨ ਦਾ ਸੰਕਲਪ ਲੈਣਾ ਹੈ।

ਨਰਾਤਿਆਂ ਦੌਰਾਨ ਦੇਵੀ ਦੇ ਵੱਖ-ਵੱਖ ਰੂਪਾਂ ਦੀ ਪੂਜਾ ਕੀਤੀ ਜਾਂਦੀ ਹੈ। ਕਈ ਘਰਾਂ ਵਿੱਚ ਕੰਜਕਾਂ ਨੂੰ ਬੁਲਾ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਭੋਜਨ ਕਰਵਾਇਆ ਜਾਂਦਾ ਹੈ। ਇਹ ਸ਼ਰਧਾ ਦਾ ਪ੍ਰਗਟਾਵਾ ਹੈ, ਪਰ ਇਸ ਸ਼ਰਧਾ ਦੀ ਸਾਰਥਕਤਾ ਉਦੋਂ ਹੀ ਹੈ ਜਦੋਂ ਅਸੀਂ ਔਰਤ ਨੂੰ ਅਸਲ ਜੀਵਨ ਵਿੱਚ ਵੀ ਬਣਦਾ ਸਤਿਕਾਰ ਦੇਈਏ। ਸੱਚੀ ਪੂਜਾ ਸਿਰਫ਼ ਮੱਥਾ ਟੇਕਣ ਜਾਂ ਰਸਮ ਨਿਭਾਉਣ ਵਿੱਚ ਨਹੀਂ, ਸਗੋਂ ਆਪਣੇ ਵਿਹਾਰ ਰਾਹੀਂ ਉਸ ਸਤਿਕਾਰ ਨੂੰ ਪ੍ਰਗਟਾਉਣ ਵਿੱਚ ਹੈ ਜਿਸ ਦੀ ਅਸੀਂ ਧਾਰਮਿਕ ਤੌਰ 'ਤੇ ਗੱਲ ਕਰਦੇ ਹਾਂ।

ਨਰਾਤਿਆਂ ਤੋਂ ਦੁਸਹਿਰੇ ਤੱਕ ਦਸ ਦਿਨ ਅਸੀਂ ਆਪਣੇ ਮਨ ਦੀ ਸ਼ੁੱਧੀ ਲਈ ਪਾਠ ਪੂਜਾ ਕਰਕੇ ਦਸ ਬੁਰਾਈਆਂ ਨੂੰ ਦੂਰ ਕਰਦੇ ਹਾਂ। ਇਸ ਤੋਂ ਬਾਅਦ ਅਤੇ ਦੀਵਾਲੀ ਆਉਣ ਤੋਂ ਪਹਿਲਾਂ ਅਸੀਂ ਆਪਣੇ ਘਰਾਂ ਦੀ ਸਫ਼ਾਈ ਕਰਦੇ ਹਾਂ। ਕੰਧਾਂ ਨੂੰ ਰੰਗ ਰੋਗਨ ਕਰਵਾਉਂਦੇ ਹਾਂ, ਪੁਰਾਣੇ ਸਾਮਾਨ ਨੂੰ ਠੀਕ ਕਰਦੇ ਹਾਂ ਅਤੇ ਘਰ ਦੇ ਕੋਨੇ-ਕੋਨੇ ਨੂੰ ਚਮਕਾਉਣ ਦਾ ਯਤਨ ਕਰਦੇ ਹਾਂ। ਬਰਸਾਤਾਂ ਤੋਂ ਬਾਅਦ ਮੌਸਮ ਵਿੱਚ ਬਦਲਾਅ ਆਉਣ ਨਾਲ ਕੀੜੇ ਮਕੌੜੇ ਖ਼ਤਮ ਹੋ ਜਾਂਦੇ ਹਨ ਜਿਸ ਕਰਕੇ ਘਰ ਦੀਆਂ ਸੁਆਣੀਆਂ ਖੱਲਾਂ ਖੂੰਜੇ ਸਾਫ਼ ਕਰਦੀਆਂ ਹਨ, ਬਰਸਾਤਾਂ ਨਾਲ ਖ਼ਰਾਬ ਹੋਈਆਂ ਘਰਾਂ ਦੀਆਂ ਕੰਧਾਂ ਨੂੰ ਰੰਗ ਰੋਗਨ ਕਰਕੇ ਫਿਰ ਤੋਂ ਸ਼ਿੰਗਾਰਿਆ ਜਾਂਦਾ ਹੈ। ਸਭ ਦੀ ਇੱਛਾ ਹੁੰਦੀ ਹੈ ਕਿ ਦੀਵਾਲੀ ਵਾਲੇ ਦਿਨ ਉਨ੍ਹਾਂ ਦਾ ਘਰ ਸਾਫ਼-ਸੁਥਰਾ ਅਤੇ ਰੌਸ਼ਨ ਦਿਖਾਈ ਦੇਵੇ, ਪਰ ਕੀ ਅਸੀਂ ਕਦੇ ਆਪਣੇ ਮਨ ਦੇ ਕੋਨਿਆਂ ਵਿੱਚ ਜਮ੍ਹਾਂ ਹੋਈ ਮੈਲ ਨੂੰ ਸਾਫ਼ ਕਰਨ ਬਾਰੇ ਵੀ ਸੋਚਿਆ ਹੈ? ਜਿਸ ਤਰ੍ਹਾਂ ਘਰ ਦੇ ਕੋਨਿਆਂ ਵਿੱਚ ਇਕੱਠੀ ਹੋਈ ਧੂੜ ਨੂੰ ਸਾਫ਼ ਕਰਨਾ ਜ਼ਰੂਰੀ ਹੈ, ਉਸੇ ਤਰ੍ਹਾਂ ਮਨ ਵਿੱਚ ਜਮ੍ਹਾਂ ਹੋਈ ਨਫ਼ਰਤ, ਈਰਖਾ, ਵੈਰ-ਵਿਰੋਧ ਅਤੇ ਹੰਕਾਰ ਨੂੰ ਦੂਰ ਕਰਨਾ ਵੀ ਜ਼ਰੂਰੀ ਹੈ। ਘਰ ਦੀਆਂ ਕੰਧਾਂ ਨੂੰ ਰੰਗ ਕਰਵਾਉਣ ਨਾਲ ਘਰ ਦੀ ਦਿੱਖ ਬਦਲ ਜਾਂਦੀ ਹੈ, ਪਰ ਮਨੁੱਖ ਦੀ ਸ਼ਖ਼ਸੀਅਤ ਉਸ ਦੇ ਵਿਚਾਰਾਂ ਅਤੇ ਕਰਮਾਂ ਨਾਲ ਨਿੱਖਰਦੀ ਹੈ। ਬਾਹਰਲੀ ਸਫ਼ਾਈ ਸਾਨੂੰ ਸੁੰਦਰਤਾ ਦਾ ਅਹਿਸਾਸ ਕਰਵਾਉਂਦੀ ਹੈ, ਜਦੋਂਕਿ ਅੰਦਰਲੀ ਸਫ਼ਾਈ ਸਾਨੂੰ ਸਹੀ ਜੀਵਨ ਜਿਊਣ ਦੀ ਦਿਸ਼ਾ ਦਿੰਦੀ ਹੈ।

ਦੀਵਾਲੀ ਉੱਤੇ ਘਿਓ ਦੇ ਦੀਵੇ ਜਗਾਉਣ ਦੀ ਪਰੰਪਰਾ ਵੀ ਆਪਣੇ ਅੰਦਰ ਡੂੰਘਾ ਸੰਦੇਸ਼ ਸਮੋਈ ਬੈਠੀ ਹੈ। ਦੀਵਾ ਹਨੇਰੇ ਨੂੰ ਦੂਰ ਕਰਕੇ ਚਾਨਣ ਫੈਲਾਉਂਦਾ ਹੈ। ਇਸੇ ਤਰ੍ਹਾਂ ਮਨੁੱਖ ਦੇ ਅੰਦਰ ਗਿਆਨ, ਸੱਚਾਈ ਅਤੇ ਚੰਗੇ ਵਿਚਾਰਾਂ ਦਾ ਚਾਨਣ ਹੋਣਾ ਚਾਹੀਦਾ ਹੈ ਤਾਂ ਜੋ ਅਗਿਆਨਤਾ ਦਾ ਹਨੇਰਾ ਦੂਰ ਹੋ ਸਕੇ। ਅਧਿਆਤਮਕ ਦ੍ਰਿਸ਼ਟੀ ਤੋਂ ਪਰਮਾਤਮਾ ਦੇ ਨਾਮ ਦਾ ਸਿਮਰਨ ਅਤੇ ਉਸ ਦੀ ਯਾਦ ਮਨ ਨੂੰ ਸ਼ਾਂਤੀ, ਸੰਜਮ ਅਤੇ ਸਹੀ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਦੇ ਸਕਦੇ ਹਨ। ਦੀਵਿਆਂ ਦੀਆਂ ਲੜੀਆਂ ਨਾਲ ਘਰ ਅਤੇ ਗਲੀਆਂ ਰੌਸ਼ਨ ਹੋ ਜਾਂਦੀਆਂ ਹਨ, ਪਰ ਜੇਕਰ ਸਾਡਾ ਮਨ ਹੀ ਨਫ਼ਰਤ ਅਤੇ ਅਗਿਆਨਤਾ ਦੇ ਹਨੇਰੇ ਵਿੱਚ ਡੁੱਬਿਆ ਰਹੇ ਤਾਂ ਬਾਹਰਲੀ ਰੌਸ਼ਨੀ ਸਾਡੇ ਜੀਵਨ ਨੂੰ ਪੂਰੀ ਤਰ੍ਹਾਂ ਰੌਸ਼ਨ ਨਹੀਂ ਕਰ ਸਕਦੀ। ਅਸਲ ਦੀਵਾਲੀ ਉਦੋਂ ਹੁੰਦੀ ਹੈ ਜਦੋਂ ਮਨੁੱਖ ਦੇ ਅੰਦਰ ਗਿਆਨ ਦਾ ਦੀਵਾ ਜਗਦਾ ਹੈ, ਉਸ ਦੀ ਸੋਚ ਵਿੱਚੋਂ ਬੁਰਾਈ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਉਸ ਦੇ ਵਿਹਾਰ ਵਿੱਚ ਦਇਆ, ਪਿਆਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਚਾਨਣ ਫੈਲਦਾ ਹੈ।

ਸਮਾਜ ਵਿੱਚ ਲੋਕਾਂ ਦੇ ਮਨਾਂ ਵਿੱਚ ਧਾਰਮਿਕ ਤਿਉਹਾਰਾਂ ਨੂੰ ਮਨਾਉਣ ਲਈ ਬਹੁਤ ਉਤਸ਼ਾਹ ਦਿਖਾਈ ਦਿੰਦਾ ਹੈ। ਲੋਕ ਪੂਜਾ-ਪਾਠ ਕਰਦੇ ਹਨ, ਵਰਤ ਰੱਖਦੇ ਹਨ, ਮੇਲਿਆਂ ਵਿੱਚ ਜਾਂਦੇ ਹਨ, ਰਾਵਣ ਦੇ ਪੁਤਲੇ ਸਾੜਦੇ ਹਨ ਅਤੇ ਦੀਵਾਲੀ ਉੱਤੇ ਦੀਵੇ ਜਗਾਉਂਦੇ ਹਨ। ਇਹ ਸਾਰੀਆਂ ਪਰੰਪਰਾਵਾਂ ਸਾਡੀ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤ ਦਾ ਹਿੱਸਾ ਹਨ। ਇਨ੍ਹਾਂ ਨੂੰ ਨਿਭਾਉਣ ਨਾਲ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਹਰ ਕਿਸੇ ਦੇ ਮਨ ਵਿੱਚ ਖਿੜਾਓ ਉਤਪੰਨ ਹੁੰਦਾ ਹੈ, ਪਰ ਇਨ੍ਹਾਂ ਦਾ ਮਕਸਦ ਸਿਰਫ਼ ਰਸਮਾਂ ਪੂਰੀਆਂ ਕਰਨਾ ਨਹੀਂ ਹੋਣਾ ਚਾਹੀਦਾ। ਅਧਿਆਤਮਕਤਾ ਸਿਰਫ਼ ਮੰਦਰਾਂ ਵਿੱਚ ਮੱਥਾ ਟੇਕਣ, ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਜਾਂ ਕਿਸੇ ਵਿਸ਼ੇਸ਼ ਦਿਨ ਪੂਜਾ ਕਰਨ ਤੱਕ ਸੀਮਤ ਨਹੀਂ ਹੈ। ਇਹ ਜੀਵਨ ਜਿਊਣ ਦੀ ਇੱਕ ਅਜਿਹੀ ਦ੍ਰਿਸ਼ਟੀ ਹੈ ਜਿਸ ਵਿੱਚ ਮਨੁੱਖ ਆਪਣੇ ਵਿਚਾਰਾਂ, ਬੋਲਾਂ ਅਤੇ ਕਰਮਾਂ ਨੂੰ ਸ਼ੁੱਧ ਕਰਨ ਦਾ ਯਤਨ ਕਰਦਾ ਹੈ। ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨਾ, ਕਿਸੇ ਨਾਲ ਧੋਖਾ ਨਾ ਕਰਨਾ, ਲੋੜਵੰਦ ਦੀ ਸਹਾਇਤਾ ਕਰਨੀ, ਆਪਣੇ ਗੁੱਸੇ ਨੂੰ ਸੰਜਮ ਵਿੱਚ ਰੱਖਣਾ ਅਤੇ ਆਪਣੇ ਅੰਦਰ ਹੰਕਾਰ ਦੀ ਥਾਂ ਨਿਮਰਤਾ ਪੈਦਾ ਕਰਨੀ ਵੀ ਅਧਿਆਤਮਕ ਜੀਵਨ ਦੇ ਮਹੱਤਵਪੂਰਨ ਅੰਗ ਹਨ।

ਨਰਾਤਿਆਂ ਤੋਂ ਦੀਵਾਲੀ ਤੱਕ ਦਾ ਸਫ਼ਰ ਸਿਰਫ਼ ਇੱਕ ਮਹੀਨੇ ਦੇ ਤਿਉਹਾਰਾਂ ਦਾ ਸਫ਼ਰ ਨਹੀਂ, ਸਗੋਂ ਆਪਣੇ ਅੰਦਰ ਝਾਤੀ ਮਾਰਨ, ਬੁਰਾਈਆਂ ਨੂੰ ਪਛਾਣਨ, ਚੰਗਿਆਈਆਂ ਨੂੰ ਅਪਣਾਉਣ ਅਤੇ ਜੀਵਨ ਨੂੰ ਨਵੀਂ ਦਿਸ਼ਾ ਦੇਣ ਦਾ ਪ੍ਰਤੀਕਾਤਮਕ ਸਫ਼ਰ ਵੀ ਹੈ। ਜਿੱਥੇ ਨਰਾਤੇ ਸਾਨੂੰ ਅੰਦਰਲੀਆਂ ਸ਼ਕਤੀਆਂ ਜਗਾਉਣ ਦੀ ਪ੍ਰੇਰਨਾ ਦਿੰਦੇ ਹਨ ਉੱਥੇ ਹੀ ਦੁਸਹਿਰਾ ਵਿਕਾਰਾਂ ਉੱਤੇ ਜਿੱਤ ਦਾ ਸੰਦੇਸ਼ ਦਿੰਦਾ ਹੈ ਅਤੇ ਦੀਵਾਲੀ ਅੰਦਰ ਗਿਆਨ ਤੇ ਚਾਨਣ ਪੈਦਾ ਕਰਨ ਦਾ ਪ੍ਰਤੀਕ ਬਣਦੀ ਹੈ। ਸਾਨੂੰ ਤਿਉਹਾਰਾਂ ਦੀਆਂ ਖ਼ੁਸ਼ੀਆਂ ਜ਼ਰੂਰ ਮਨਾਉਣੀਆਂ ਚਾਹੀਦੀਆਂ ਹਨ, ਮੇਲਿਆਂ ਦਾ ਆਨੰਦ ਵੀ ਮਾਣਨਾ ਚਾਹੀਦਾ ਹੈ ਅਤੇ ਆਪਣੀਆਂ ਪਰੰਪਰਾਵਾਂ ਨੂੰ ਵੀ ਸੰਭਾਲ ਕੇ ਰੱਖਣਾ ਚਾਹੀਦਾ ਹੈ, ਪਰ ਇਸ ਦੇ ਨਾਲ-ਨਾਲ ਇਨ੍ਹਾਂ ਦੇ ਅਧਿਆਤਮਕ ਸੰਦੇਸ਼ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਵੀ ਜ਼ਰੂਰੀ ਹੈ। ਰਾਵਣ ਦੇ ਪੁਤਲੇ ਹਰ ਸਾਲ ਸੜਦੇ ਰਹਿਣ, ਪਰ ਨਾਲ ਹੀ ਸਾਡੇ ਅੰਦਰਲੇ ਰਾਵਣ ਵਾਲਾ ਪੁਤਲਾ ਵੀ ਸੜਨਾ ਚਾਹੀਦਾ ਹੈ। ਹਰ ਸਾਲ ਦੀਵੇ ਜਗਾਉਂਦੇ ਰਹਿਣ ਤੋਂ ਭਾਵ ਸਾਨੂੰ ਆਪਣੇ ਮਨ ਵਿੱਚ ਗਿਆਨ ਦਾ ਦੀਵਾ ਜਗਾਉਂਦੇ ਰਹਿਣਾ ਚਾਹੀਦਾ ਹੈ।

BARJINDER KAUR BISRAO
ਸੰਪਰਕ: 99889-01324

ਖਾਲੀ ਪੇਟ ਘਰੋਂ ਨਿਕਲਣਾ ਸਿਹਤ 'ਤੇ ਪਵੇਗਾ ਭਾਰੀ !



ਰੋਜ਼ਾਨਾ ਦੇ ਕੰਮ-ਕਾਜ ਦੀ ਭੱਜ-ਦੌੜ ਕਾਰਨ, ਲੋਕ ਅਕਸਰ ਸਵੇਰੇ ਨਾਸ਼ਤਾ ਤਿਆਰ ਕਰਨ ਵਿੱਚ ਅਸਫਲ ਰਹਿੰਦੇ ਹਨ। ਜੇਕਰ ਤੁਸੀਂ ਵੀ ਨਾਸ਼ਤਾ ਤਿਆਰ ਕਰਨ ਲਈ ਕਾਹਲੀ ਕਰਦੇ ਹੋ ਅਤੇ ਇਸ ਤਰ੍ਹਾਂ ਘਰੋਂ ਖਾਲੀ ਪੇਟ ਨਿਕਲਦੇ ਹੋ, ਤਾਂ ਤੁਹਾਨੂੰ ਦੱਸ ਦੇਈਏ ਕਿ ਇਹ ਆਦਤ ਤੁਹਾਡੀ ਸਿਹਤ ਲਈ ਨੁਕਸਾਨਦੇਹ ਹੈ।

ਸਵੇਰੇ ਖਾਲੀ ਪੇਟ ਦਿਨ ਭਰ ਥਕਾਵਟ ਅਤੇ ਚਿੜਚਿੜਾਪਨ ਦਾ ਕਾਰਨ ਬਣ ਸਕਦਾ ਹੈ। ਇਸ ਲਈ, ਜੇਕਰ ਤੁਹਾਡੇ ਕੋਲ ਸਵੇਰੇ ਸਮਾਂ ਘੱਟ ਹੈ, ਤਾਂ ਤੁਸੀਂ ਕ

ਰਾਸ਼ੀਫਲ



ਮੇਸ਼– ਚੰਦਰਮਾ ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਪੰਜਵੇਂ ਘਰ ਵਿੱਚ ਹੋਵੇਗਾ। ਤੁਸੀਂ ਦਿਨ ਭਰ ਥਕਾਵਟ ਮਹਿਸੂਸ ਕਰੋਗੇ। ਆਪਣੀ ਮਿਹਨਤ ਦੇ ਮੁਕਾਬਲੇ ਸਫਲਤਾ ਦੀ ਘਾਟ ਤੋਂ ਨਿਰਾਸ਼ ਹੋ ਕੇ, ਤੁਸੀਂ ਆਪਣੇ ਬੱਚਿਆਂ ਬਾਰੇ ਚਿੰਤਤ ਹੋਵੋਗੇ। ਲਗਾਤਾਰ ਕੰਮ ਦਾ ਬੋਝ ਤੁਹਾਡੇ ਪਰਿਵਾਰ ਦੀ ਅਣਦੇਖੀ ਵੱਲ ਲੈ ਜਾਵੇਗਾ। ਯਾਤਰਾ ਯੋਜਨਾਵਾਂ ਨੂੰ ਮੁਲਤਵੀ ਕਰਨਾ ਸਭ ਤੋਂ ਵਧੀਆ ਹੈ। ਪੇਟ ਦੀਆਂ ਸਮੱਸਿਆਵਾਂ ਤੁਹਾਨੂੰ ਪਰੇਸ਼ਾਨ ਕਰਨਗੀਆਂ। ਆਪਣੀ ਜ਼ਿੱਦ ਕਾਰਨ ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣ ਦਾ ਧਿਆਨ ਰੱਖੋ। ਅੱਜ ਤੁਹਾਡੇ ਪਿਆਰ ਜੀਵਨ ਵਿੱਚ ਇੱਕ ਮੱਧਮ ਫਲਦਾਇਕ ਸਮਾਂ ਰਹੇਗਾ।

ਟੌਰਸ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਚੌਥੇ ਘਰ ਵਿੱਚ ਹੋਵੇਗਾ। ਤੁਸੀਂ ਆਪਣੇ ਸਾਰੇ ਕੰਮ ਮਜ਼ਬੂਤ ਮਨੋਬਲ ਅਤੇ ਆਤਮਵਿਸ਼ਵਾਸ ਨਾਲ ਪੂਰੇ ਕਰ ਸਕੋਗੇ। ਤੁਹਾਨੂੰ ਆਪਣੇ ਪਿਤਾ ਤੋਂ ਲਾਭ ਮਿਲ ਸਕਦਾ ਹੈ। ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਸਫਲ ਹੋਣਗੇ। ਤੁਹਾਡੇ ਬੱਚਿਆਂ ਲਈ ਖਰਚ ਜਾਂ ਨਿਵੇਸ਼ ਕਰਨ ਦੀ ਸੰਭਾਵਨਾ ਹੈ। ਕਲਾਕਾਰ ਅਤੇ ਖਿਡਾਰੀ ਆਪਣੇ ਹੁਨਰ ਦਾ ਵਧੀਆ ਪ੍ਰਦਰਸ਼ਨ ਕਰ ਸਕਣਗੇ। ਤੁਹਾਨੂੰ ਸਰਕਾਰ ਤੋਂ ਲਾਭ ਹੋ ਸਕਦਾ ਹੈ। ਤੁਹਾਨੂੰ ਅੱਜ ਕੰਮ 'ਤੇ ਨਵਾਂ ਕੰਮ ਵੀ ਮਿਲ ਸਕਦਾ ਹੈ। ਦੁਪਹਿਰ ਨੂੰ ਤੁਹਾਨੂੰ ਅਚਾਨਕ ਕਿਸੇ ਚੀਜ਼ ਬਾਰੇ ਚਿੰਤਾ ਹੋ ਸਕਦੀ ਹੈ। ਸਿਹਤ ਦਰਮਿਆਨੀ ਰਹੇਗੀ।

ਮਿਥੁਨ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਤੀਜੇ ਘਰ ਵਿੱਚ ਹੋਵੇਗਾ। ਅੱਜ ਸਵੇਰੇ ਤੁਸੀਂ ਗੁੱਸੇ ਮਹਿਸੂਸ ਕਰੋਗੇ। ਤੁਸੀਂ ਚਿੰਤਾ ਦਾ ਅਨੁਭਵ ਕਰੋਗੇ। ਬੇਲੋੜਾ ਪੈਸਾ ਖਰਚ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਮੀਦ ਅਨੁਸਾਰ ਨਤੀਜੇ ਨਹੀਂ ਮਿਲ ਸਕਦੇ। ਦੁਪਹਿਰ ਨੂੰ ਤੁਸੀਂ ਕਿਸੇ ਪਿਆਰੇ ਦੋਸਤ ਨੂੰ ਮਿਲ ਸਕਦੇ ਹੋ। ਵਿੱਤੀ ਲਾਭ ਵੀ ਸੰਭਵ ਹੋਵੇਗਾ। ਭੈਣ–ਭਰਾਵਾਂ ਨਾਲ ਪਿਆਰ ਦੇ ਰਿਸ਼ਤੇ ਵਧਣਗੇ। ਕਿਸਮਤ ਦੇ ਮੌਕੇ ਪੈਦਾ ਹੋਣਗੇ। ਕੰਮ ਵਿੱਚ ਸਫਲਤਾ ਤੁਹਾਡੇ ਉਤਸ਼ਾਹ ਨੂੰ ਵਧਾ ਸਕਦੀ ਹੈ।

ਕਰਕ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਦੂਜੇ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਖੁਸ਼ੀ ਅਤੇ ਖੇੜੇ ਦਾ ਹੋਵੇਗਾ। ਤੁਸੀਂ ਸੰਵੇਦਨਸ਼ੀਲ ਰਹੋਗੇ। ਤੁਹਾਡੀਆਂ ਚਿੰਤਾਵਾਂ ਦੂਰ ਹੋ ਸਕਦੀਆਂ ਹਨ। ਅਜ਼ੀਜ਼ਾਂ ਅਤੇ ਦੋਸਤਾਂ ਨਾਲ ਮੁਲਾਕਾਤਾਂ ਸੁਹਾਵਣੀਆਂ ਹੋਣਗੀਆਂ, ਪਰ ਤੁਹਾਨੂੰ ਆਪਣੀ ਬੋਲੀ ਵਿੱਚ ਸੰਜਮ ਰੱਖਣਾ ਚਾਹੀਦਾ ਹੈ। ਸ਼ਾਮ ਨੂੰ ਨਕਾਰਾਤਮਕ ਵਿਚਾਰ ਤੁਹਾਨੂੰ ਪਰੇਸ਼ਾਨ ਕਰ ਸਕਦੇ ਹਨ। ਆਪਣੇ ਗੁੱਸੇ 'ਤੇ ਕਾਬੂ ਰੱਖੋ। ਕਾਰੋਬਾਰੀ ਲੋਕਾਂ ਲਈ ਅੱਜ ਦਾ ਦਿਨ ਚੰਗਾ ਹੈ।

ਸਿੰਘ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਪਹਿਲੇ ਘਰ ਵਿੱਚ ਹੋਵੇਗਾ। ਅੱਜ ਆਪਣੀ ਬੋਲੀ ਵਿੱਚ ਸੰਜਮ ਰੱਖੋ। ਪਰਿਵਾਰਕ ਮੈਂਬਰਾਂ ਨਾਲ ਵਿਵਾਦ ਸੰਭਵ ਹੈ। ਖਰਚ ਆਮਦਨ ਤੋਂ ਵੱਧ ਹੋਣਗੇ। ਦਿਨ ਕੁਝ ਉਲਝਣ ਵਿੱਚ ਬਤੀਤ ਹੋਵੇਗਾ। ਆਪਣੀ ਸਿਹਤ ਦਾ ਧਿਆਨ ਰੱਖੋ। ਦੁਪਹਿਰ ਤੁਹਾਡੇ ਲਈ ਅਨੁਕੂਲ ਰਹੇਗੀ। ਤੁਸੀਂ ਨਵਾਂ ਕੰਮ ਸ਼ੁਰੂ ਕਰਨ ਦੇ ਯੋਗ ਹੋ ਸਕਦੇ ਹੋ। ਦੁਪਹਿਰ ਨੂੰ ਤੁਸੀਂ ਦੋਸਤਾਂ ਨੂੰ ਮਿਲੋਗੇ। ਕੁਝ ਵਿੱਤੀ ਲਾਭ ਸੰਭਵ ਹੈ।

ਕੰਨਿਆ– ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਨੂੰ ਵੱਖ–ਵੱਖ ਖੇਤਰਾਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਕਾਰੋਬਾਰ ਲਾਭਦਾਇਕ ਰਹੇਗਾ। ਤੁਹਾਨੂੰ ਦੋਸਤਾਂ ਤੋਂ ਪੂਰਾ ਸਮਰਥਨ ਮਿਲੇਗਾ। ਤੁਸੀਂ ਉਨ੍ਹਾਂ 'ਤੇ ਪੈਸਾ ਖਰਚ ਕਰ ਸਕਦੇ ਹੋ। ਕਿਸੇ ਛੋਟੀ ਜਿਹੀ ਜਗ੍ਹਾ ਦੀ ਯਾਤਰਾ ਸੰਭਵ ਹੈ। ਦੁਪਹਿਰ ਨੂੰ ਤੁਹਾਡਾ ਮਨ ਉਲਝਣ ਵਿੱਚ ਰਹੇਗਾ। ਰਿਸ਼ਤੇਦਾਰਾਂ ਨਾਲ ਮਤਭੇਦ ਸੰਭਵ ਹਨ। ਗੁੱਸੇ ਕਾਰਨ ਵਿਵਾਦ ਹੋਣ ਦੀ ਸੰਭਾਵਨਾ ਹੈ। ਤੁਹਾਡੀ ਸਿਹਤ ਉੱਪਰ–ਨੀਚੇ ਰਹੇਗੀ।

ਤੁਲਾ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਬਹੁਤ ਸ਼ੁਭ ਦਿਨ ਹੈ। ਤੁਸੀਂ ਧਾਰਮਿਕ ਗਤੀਵਿਧੀਆਂ ਵਿੱਚ ਦਿਲਚਸਪੀ ਰੱਖੋਗੇ ਅਤੇ ਕਿਸੇ ਦੇਵਤੇ ਦੇ ਦਰਸ਼ਨ ਕਰ ਸਕਦੇ ਹੋ। ਵੱਖ–ਵੱਖ ਖੇਤਰਾਂ ਵਿੱਚ ਲਾਭ ਪ੍ਰਾਪਤ ਹੋ ਸਕਦੇ ਹਨ। ਨੌਕਰੀ ਕਰਨ ਵਾਲੇ ਲੋਕਾਂ ਨੂੰ ਆਪਣੇ ਉੱਚ ਅਧਿਕਾਰੀਆਂ ਤੋਂ ਉਤਸ਼ਾਹ ਮਿਲੇਗਾ। ਤਰੱਕੀ ਸੰਭਵ ਹੈ, ਅਤੇ ਇੱਕ ਇੱਛਾ ਵੀ ਪੂਰੀ ਹੋ ਸਕਦੀ ਹੈ। ਤੁਸੀਂ ਆਪਣੇ ਅਜ਼ੀਜ਼ਾਂ ਅਤੇ ਦੋਸਤਾਂ ਨੂੰ ਮਿਲੋਗੇ। ਯਾਤਰਾ ਦੀ ਯੋਜਨਾ ਬਣਾਈ ਜਾ ਸਕਦੀ ਹੈ। ਵਿਆਹ ਯੋਗ ਨੌਜਵਾਨ ਮੁੰਡੇ ਅਤੇ ਕੁੜੀਆਂ ਕਿਸੇ ਰਿਸ਼ਤੇ ਨੂੰ ਅੰਤਿਮ ਰੂਪ ਦੇ ਸਕਦੇ ਹਨ।

ਸਕਾਰਪੀਓ– ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਦਸਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਇੱਕ ਸ਼ੁਭ ਦਿਨ ਹੈ। ਇੱਕ ਨਵਾਂ ਪ੍ਰੋਜੈਕਟ ਟੀਚਾ ਪ੍ਰਾਪਤ ਹੋ ਸਕਦਾ ਹੈ। ਕਾਰੋਬਾਰ ਵਿੱਚ ਲਾਭ ਹੋ ਸਕਦਾ ਹੈ। ਸਾਂਝੇਦਾਰੀ ਸਫਲ ਹੋਵੇਗੀ। ਤੁਹਾਡੇ ਪਿਤਾ ਤੋਂ ਵਿੱਤੀ ਲਾਭ ਵੀ ਸੰਭਵ ਹੈ। ਅੱਜ, ਤੁਸੀਂ ਕਿਸੇ ਪਿਆਰੇ ਜਾਂ ਦੋਸਤਾਂ ਨਾਲ ਬਾਹਰ ਜਾਣ ਦੀ ਯੋਜਨਾ ਬਣਾ ਸਕਦੇ ਹੋ। ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਚੰਗੀ ਰਹੇਗੀ। ਅੱਜ ਪਿਆਰ ਸਬੰਧਾਂ ਲਈ ਇੱਕ ਸ਼ੁਭ ਦਿਨ ਹੈ।

ਧਨੁ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਨੌਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੀ ਸਿਹਤ ਕੁਝ ਕਮਜ਼ੋਰ ਹੋਣ ਦੀ ਸੰਭਾਵਨਾ ਹੈ। ਤੁਸੀਂ ਸਰੀਰਕ ਤੌਰ 'ਤੇ ਆਲਸੀ ਅਤੇ ਕਿਸੇ ਚੀਜ਼ ਬਾਰੇ ਚਿੰਤਤ ਮਹਿਸੂਸ ਕਰ ਸਕਦੇ ਹੋ। ਕਾਰੋਬਾਰ ਵਿੱਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਨੌਕਰੀ ਕਰਨ ਵਾਲੇ ਲੋਕਾਂ 'ਤੇ ਵੀ ਵਾਧੂ ਕੰਮ ਦਾ ਬੋਝ ਹੋਵੇਗਾ। ਨਕਾਰਾਤਮਕ ਵਿਚਾਰਾਂ ਤੋਂ ਦੂਰ ਰਹੋ। ਕੋਈ ਵੀ ਕੰਮ ਸਾਵਧਾਨੀ ਨਾਲ ਸ਼ੁਰੂ ਕਰੋ। ਉੱਚ ਅਧਿਕਾਰੀਆਂ ਨਾਲ ਟਕਰਾਅ ਦੀ ਸੰਭਾਵਨਾ ਹੋ ਸਕਦੀ ਹੈ। ਜ਼ਿਆਦਾਤਰ ਸਮਾਂ ਚੁੱਪ ਰਹੋ। ਤੁਸੀਂ ਸ਼ਾਮ ਨੂੰ ਪਰਿਵਾਰ ਨਾਲ ਚੰਗਾ ਸਮਾਂ ਬਿਤਾਓਗੇ। ਤੁਹਾਡੀ ਪ੍ਰੇਮ ਜ਼ਿੰਦਗੀ ਸਫਲ ਹੋਵੇਗੀ।

ਮਕਰ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਅੱਠਵੇਂ ਘਰ ਵਿੱਚ ਹੋਵੇਗਾ। ਅੱਜ ਦੋਸਤਾਂ ਨਾਲ ਮੌਜ–ਮਸਤੀ ਦਾ ਦਿਨ ਰਹੇਗਾ। ਤੁਸੀਂ ਮਨੋਰੰਜਨ ਦਾ ਆਨੰਦ ਮਾਣੋਗੇ। ਸਾਂਝੇਦਾਰੀ ਲਾਭ ਲਿਆਏਗੀ। ਇੱਕ ਸੁਹਾਵਣਾ ਯਾਤਰਾ ਸੰਭਵ ਹੈ। ਤੁਹਾਨੂੰ ਕਾਰੋਬਾਰ ਤੋਂ ਵੀ ਲਾਭ ਹੋਵੇਗਾ, ਪਰ ਦੁਪਹਿਰ ਤੋਂ ਬਾਅਦ, ਤੁਸੀਂ ਕਿਸੇ ਮਹੱਤਵਪੂਰਨ ਕੰਮ 'ਤੇ ਧਿਆਨ ਨਹੀਂ ਦੇ ਸਕੋਗੇ। ਤੁਸੀਂ ਬਿਮਾਰ ਰਹੋਗੇ। ਪਰਿਵਾਰਕ ਮੈਂਬਰਾਂ ਨਾਲ ਵਿਵਾਦ ਸੰਭਵ ਹਨ।

ਕੁੰਭ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਸੱਤਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਪੂਰੀ ਤਰ੍ਹਾਂ ਸ਼ੁਭ ਹੈ। ਕਾਰੋਬਾਰੀ ਲੋਕਾਂ ਨੂੰ ਇਹ ਦਿਨ ਅਨੁਕੂਲ ਲੱਗੇਗਾ। ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰਹੋਗੇ। ਤੁਸੀਂ ਦੋਸਤਾਂ ਨਾਲ ਬਾਹਰ ਘੁੰਮਣ ਦੀ ਯੋਜਨਾ ਬਣਾ ਸਕਦੇ ਹੋ। ਤੁਹਾਨੂੰ ਆਪਣੇ ਮਾਪਿਆਂ ਦਾ ਆਸ਼ੀਰਵਾਦ ਮਿਲੇਗਾ। ਘਰ ਵਿੱਚ ਖੁਸ਼ਹਾਲ ਮਾਹੌਲ ਰਹੇਗਾ। ਤੁਹਾਡੀ ਪ੍ਰੇਮ ਜ਼ਿੰਦਗੀ ਵਿੱਚ ਸਕਾਰਾਤਮਕਤਾ ਰਹੇਗੀ। ਅੱਜ ਤੁਹਾਡਾ ਕਿਸੇ ਨਵੇਂ ਵਿਅਕਤੀ ਨਾਲ ਰਿਸ਼ਤਾ ਬਣ ਸਕਦਾ ਹੈ।

ਮੀਨ – ਚੰਦਰਮਾ ਅੱਜ, ਬੁੱਧਵਾਰ, 4 ਨਵੰਬਰ, 2026 ਨੂੰ ਸਿੰਘ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਛੇਵੇਂ ਘਰ ਵਿੱਚ ਹੋਵੇਗਾ। ਤੁਹਾਡਾ ਕੰਮ ਦ੍ਰਿੜਤਾ ਅਤੇ ਆਤਮ–ਵਿਸ਼ਵਾਸ ਨਾਲ ਸਫਲ ਹੋਵੇਗਾ। ਤੁਹਾਡੇ ਪਰਿਵਾਰ ਵਿੱਚ ਸ਼ਾਂਤੀ, ਖੁਸ਼ੀ ਅਤੇ ਆਨੰਦ ਰਹੇਗਾ। ਗੁੱਸੇ ਕਾਰਨ ਆਪਣੀ ਬੋਲੀ ਅਤੇ ਵਿਵਹਾਰ ਵਿੱਚ ਹਮਲਾਵਰ ਹੋਣ ਤੋਂ ਬਚੋ। ਕੰਮ 'ਤੇ ਤੁਹਾਡਾ ਦਬਦਬਾ ਵਧੇਗਾ। ਤੁਸੀਂ ਆਪਣੇ ਵਿਰੋਧੀਆਂ 'ਤੇ ਜਿੱਤ ਪ੍ਰਾਪਤ ਕਰੋਗੇ। ਬਿਮਾਰਾਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। ਤੁਹਾਡੀ ਸਿਹਤ ਚੰਗੀ ਰਹੇਗੀ। ਕਾਰੋਬਾਰੀ ਲੋਕਾਂ ਨੂੰ ਮਹੱਤਵਪੂਰਨ ਲਾਭ ਨਹੀਂ ਮਿਲੇਗਾ।

ਨੂੰਹ ਕਿ ਧੀ...?



"ਸੁਣ ਪ੍ਰੀਤ, ਅੱਜ ਸਕੂਲੋਂ ਜਲਦੀ ਆ ਜਾਵੀਂ, ਬੀਜੀ ਤੇ ਬਾਪੂ ਜੀ ਪਿੰਡੋਂ ਆ ਰਹੇ ਨੇ।" ਜਸਪਾਲ ਨੇ ਪਰਾਂਠਿਆਂ ਦੀ ਪਲੇਟ ਮੇਜ਼ 'ਤੇ ਰੱਖਦਿਆਂ ਇੰਝ ਕਿਹਾ ਜਿਵੇਂ ਇਹ ਕੋਈ ਬਹੁਤ ਹੀ ਮਾਮੂਲੀ ਗੱਲ ਹੋਵੇ। "ਲੋਹੜੀ ਸਿਰ 'ਤੇ ਆ ਗਈ ਐ, ਬੀਜੀ ਕਹਿੰਦੇ ਸੀ ਐਤਕੀਂ ਲੋਹੜੀ ਸ਼ਹਿਰ ਮਨਾਉਣੀ ਐ, ਨਾਲੇ ਨੂੰਹ ਦੇ ਹੱਥ ਦਾ ਸਾਗ ਖਾਣ ਨੂੰ ਬੜਾ ਚਿੱਤ ਕਰਦੈ।"

ਤਵੇ 'ਤੇ ਰੋਟੀ ਪਲਟਦੀ ਪ੍ਰੀਤ ਦਾ ਹੱਥ ਰੁਕ ਗਿਆ। "ਤੁਸੀਂ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ? ਹੁਣ ਦੱਸ ਰਹੇ ਓ ਜਦੋਂ ਮੈਂ ਬਾਹਰ ਜਾਣ ਲੱਗੀ ਆਂ?" ਜਸਪਾਲ ਹੱਸ ਪਿਆ, "ਓਏ ਛੱਡ, ਅਚਾਨਕ ਪ੍ਰੋਗਰਾਮ ਬਣ ਗਿਆ। ਤੈਨੂੰ ਤਾਂ ਮਹਿਮਾਨ ਚੰਗੇ ਲੱਗਦੇ ਆ ਨਾ?" ਪ੍ਰੀਤ ਨੂੰ ਮਹਿਮਾਨ ਸੱਚਮੁੱਚ ਚੰਗੇ ਲੱਗਦੇ ਸਨ, ਪਰ ਬਿਨਾਂ ਖ਼ਬਰ ਤੋਂ ਨਹੀਂ, ਖ਼ਾਸ ਕਰਕੇ ਉਦੋਂ ਨਹੀਂ ਜਦੋਂ ਉਹ ਜਲੰਧਰ ਦੇ ਸਰਕਾਰੀ ਸਕੂਲ ਵਿੱਚ ਪੰਜਾਬੀ ਦੀ ਲੈਕਚਰਾਰ ਹੋਵੇ, ਸਿਰ 'ਤੇ ਪੇਪਰਾਂ ਦੀਆਂ ਕਾਪੀਆਂ ਦਾ ਢੇਰ ਪਿਆ ਹੋਵੇ ਤੇ ਅਗਲੇ ਦਿਨ ਮਾਪੇ–ਅਧਿਆਪਕ ਮਿਲਣੀ ਹੋਵੇ। ਉਸ ਨੇ ਡੂੰਘਾ ਸਾਹ ਲਿਆ ਤੇ ਬਿਨਾਂ ਕੁਝ ਬੋਲੇ ਰੋਟੀਆਂ ਲਾਹੁੰਦੀ ਰਹੀ। ਚਿਹਰੇ 'ਤੇ ਮੁਸਕਰਾਹਟ ਸੀ, ਪਰ ਮਨ ਵਿੱਚ ਫ਼ਿਕਰਾਂ ਦਾ ਪਹਾੜ ਖੜ੍ਹਾ ਹੋ ਚੁੱਕਾ ਸੀ।

ਉਸ ਦਾ ਰੋਜ਼ ਦਾ ਸਮਾਂ–ਸਾਰਣੀ ਸਭ ਨੂੰ ਪਤਾ ਸੀ, ਪਰ ਕਿਸੇ ਨੂੰ ਦਿਸਦਾ ਨਹੀਂ ਸੀ। ਸਵੇਰੇ ਪੰਜ ਵਜੇ ਉੱਠ ਕੇ ਝਾੜੂ–ਪੋਚਾ, ਫਿਰ ਚਾਹ, ਨਾਸ਼ਤਾ ਤੇ ਟਿਫ਼ਨ, ਫਿਰ ਭੱਜ–ਭੱਜ ਕੇ ਤਿਆਰ ਹੋ ਕੇ ਸਕੂਲ ਦੀ ਬੱਸ ਫੜਨੀ। ਸਕੂਲ ਵਿੱਚ ਸਾਰਾ ਦਿਨ ਬੱਚਿਆਂ ਨੂੰ ਪੜ੍ਹਾਉਣਾ, ਕਾਪੀਆਂ ਜਾਂਚਣੀਆਂ, ਮੀਟਿੰਗਾਂ ਭੁਗਤਾਉਣੀਆਂ, ਤੇ ਸ਼ਾਮ ਨੂੰ ਘਰ ਮੁੜ ਕੇ ਕੱਪੜੇ, ਭਾਂਡੇ, ਰਾਤ ਦੀ ਰੋਟੀ ਤੇ ਰਸੋਈ ਸਮੇਟਣੀ। ਉਸ ਦੀ ਜ਼ਿੰਦਗੀ ਵਿੱਚ 'ਆਰਾਮ' ਨਾਂ ਦਾ ਸ਼ਬਦ ਜਿਵੇਂ ਕਿਤੇ ਗੁਆਚ ਗਿਆ ਸੀ।

ਅਗਲੇ ਦਿਨ ਸਕੂਲ ਵਿੱਚ ਉਸ ਦੀਆਂ ਨਜ਼ਰਾਂ ਵਾਰ–ਵਾਰ ਘੜੀ ਵੱਲ ਜਾਂਦੀਆਂ ਰਹੀਆਂ। ਪ੍ਰਿੰਸੀਪਲ ਸਾਹਿਬ ਤੋਂ ਹਾੜ੍ਹੇ ਕੱਢ ਕੇ ਅੱਧੀ ਛੁੱਟੀ ਲਈ, ਰਾਹ ਵਿੱਚ ਮੰਡੀ ਤੋਂ ਸਰ੍ਹੋਂ ਦਾ ਸਾਗ, ਬਾਥੂ, ਪਾਲਕ, ਮੱਕੀ ਦਾ ਆਟਾ, ਪਨੀਰ ਤੇ ਮਠਿਆਈ ਲਈ, ਤੇ ਦੋਵੇਂ ਹੱਥਾਂ ਵਿੱਚ ਭਾਰੇ ਝੋਲੇ ਚੁੱਕੀ ਘਰ ਪਹੁੰਚੀ। ਪਾਣੀ ਦਾ ਇੱਕ ਗਿਲਾਸ ਪੀਤੇ ਬਿਨਾਂ ਹੀ ਉਹ ਰਸੋਈ ਵਿੱਚ ਜੁੱਟ ਗਈ। ਇੱਕ ਪਾਸੇ ਸਾਗ ਧੀਮੀ ਆਂਚ 'ਤੇ ਰਿੱਝ ਰਿਹਾ ਸੀ, ਦੂਜੇ ਪਾਸੇ ਕੁੱਕਰ ਦੀਆਂ ਸੀਟੀਆਂ ਵੱਜ ਰਹੀਆਂ ਸਨ, ਤੇ ਵਿੱਚ–ਵਿਚਾਲੇ ਉਹ ਬੈਠਕ ਦੀ ਸਫ਼ਾਈ ਵੀ ਕਰਦੀ ਜਾਂਦੀ ਸੀ। ਸ਼ਾਮ ਤੱਕ ਪੈਰਾਂ ਵਿੱਚ ਇੰਨੀ ਸੋਜ ਆ ਗਈ ਕਿ ਖੜ੍ਹਨਾ ਵੀ ਔਖਾ ਲੱਗਣ ਲੱਗਾ, ਪਰ ਬੈਠਣ ਦਾ ਵਕਤ ਕਿੱਥੇ ਸੀ।

ਗੱਡੀ ਦੇ ਹਾਰਨ ਦੀ ਆਵਾਜ਼ ਆਈ ਤਾਂ ਪਤਾ ਲੱਗਾ ਕਿ ਬੀਜੀ ਤੇ ਬਾਪੂ ਜੀ ਪਹੁੰਚ ਗਏ ਨੇ। ਪ੍ਰੀਤ ਨੇ ਥੱਕੀ ਹੋਈ ਮੁਸਕਰਾਹਟ ਨਾਲ ਦੋਵਾਂ ਦੇ ਪੈਰੀਂ ਹੱਥ ਲਾਏ। ਕਿਸੇ ਨੇ ਇਹ ਨਾ ਪੁੱਛਿਆ ਕਿ ਤੂੰ ਸਕੂਲੋਂ ਸਿੱਧੀ ਆਈ ਏਂ, ਕੁਝ ਖਾਧਾ–ਪੀਤਾ ਵੀ ਹੈ ਕਿ ਨਹੀਂ। ਬੀਜੀ ਨੇ ਦਹਿਲੀਜ਼ ਟੱਪਦਿਆਂ ਹੀ ਹੁਕਮ ਸੁਣਾ ਦਿੱਤਾ, "ਪ੍ਰੀਤ, ਪਹਿਲਾਂ ਚਾਹ ਬਣਾ ਦੇ, ਸਫ਼ਰ ਬੜਾ ਲੰਮਾ ਸੀ। ਤੇ ਹਾਂ, ਕੱਲ੍ਹ ਲੋਹੜੀ ਆ, ਤੇਰੀ ਭੂਆ ਤੇ ਮਾਸੜ ਹੋਰੀਂ ਵੀ ਆਉਣਗੇ। ਸਾਗ, ਮੱਕੀ ਦੀਆਂ ਰੋਟੀਆਂ, ਮਟਰ–ਪਨੀਰ, ਗੁੜ ਵਾਲੇ ਚੌਲ, ਖੀਰ ਤੇ ਪਕੌੜੇ, ਸਭ ਚੰਗੀ ਤਰ੍ਹਾਂ ਬਣਨਾ ਚਾਹੀਦਾ। ਆਖ਼ਰ ਸਾਡੀ ਇੱਜ਼ਤ ਦਾ ਸਵਾਲ ਆ।" ਪ੍ਰੀਤ ਨੇ ਸਿਰਫ਼ "ਜੀ" ਕਿਹਾ ਤੇ ਫਿਰ ਰਸੋਈ ਵੱਲ ਤੁਰ ਪਈ।

ਉਸ ਦੀ ਥਕਾਵਟ ਕਿਸੇ ਨੂੰ ਦਿਸਦੀ ਹੀ ਨਹੀਂ ਸੀ। ਜੇ ਉਹ ਦੋ ਮਿੰਟ ਬੈਠ ਜਾਂਦੀ ਤਾਂ ਕੋਈ ਨਾ ਕੋਈ ਆਵਾਜ਼ ਮਾਰ ਦਿੰਦਾ, "ਪ੍ਰੀਤ, ਪਾਣੀ ਫੜਾ ਦੇ।" "ਪ੍ਰੀਤ, ਮੇਰਾ ਤੌਲੀਆ ਕਿੱਥੇ ਆ?" "ਪੁੱਤ, ਚਾਹ ਠੰਢੀ ਹੋ ਗਈ ਐ, ਜ਼ਰਾ ਗਰਮ ਕਰ ਦੇ।" ਰਾਤੀਂ ਜਦੋਂ ਸਾਰਾ ਘਰ ਰਜਾਈਆਂ ਵਿੱਚ ਘੂਕ ਸੌਂ ਜਾਂਦਾ, ਪ੍ਰੀਤ ਅਗਲੇ ਦਿਨ ਦੀਆਂ ਤਿਆਰੀਆਂ ਵਿੱਚ ਲੱਗੀ ਰਹਿੰਦੀ। ਕਦੇ–ਕਦੇ ਥਕਾਵਟ ਨਾਲ

ਪੰਜਾਬ ਸਟਾਰ
www.punjabstar.com

ਅਧੂਰੇ ਇਨਸਾਨ...?

ਹਰ ਛਿਮਾਹੀ ਮੈਂ ਉਡੀਕਦੀ ਰਹਿੰਦੀ ਹਾਂ ਕੇ ਕਦੋਂ ਆਉਣਗੇ...ਰੱਬ ਦੇ ਸਰਾਪੇ ਹੋਏ...



ਜਦੋਂ ਫਸਲ ਆਉਂਦੀ ਹੈ...ਮੈਂ ਪਹਿਲਾਂ ਹੀ ਉਹਨਾਂ ਵਾਸਤੇ ਦਾਣਿਆਂ ਦਾ ਗੱਟਾ ਭਰ ਕੇ ਰੱਖ ਲੈਂਦੀ ਹਾਂ...ਗੇਟ ਵੜ੍ਹਨ ਸਾਰ ਅਸੀਸਾਂ ਦੀ ਝੜੀ ਲਾ ਦਿੰਦੇ ਹਨ ਤੇ ਆਵਦੇ ਤਰੀਕੇ ਨਾਲ ਸਾਰਿਆਂ ਦਾ ਦਿਲ ਜਿੱਤ ਲੈਂਦੇ ਹਨ ..ਇਹ ਵਿਚਾਰੇ ਜਿਹੇ ਮਹੰਤ (ਖੁਸਰੇ ਹਿਜੜੇ).. ਕੱਲ੍ਹ ਮੈਂ ਘਰ ਨਹੀਂ ਸੀ... ਪਿੱਛੋਂ ਆਏ ਤੇ ਬੇਟੇ ਦੇ ਕਹਿਣ ਤੇ ਵੀ ਦਾਣੇ ਨਹੀਂ ਲੈ ਕੇ ਗਏ .. ਕਹਿੰਦੇ ਜਜੋਂ ਬੀਬੀ ਜੀ ਘਰ ਹੋਈ ਉਦੋਂ ਹੀ ਲੈ ਕੇ ਜਾਵਾਂਗੇ...ਅੱਜ ਫਿਰ ਗਿਆਰਾਂ ਕੁ ਵਜੇ ਗੇਟ ਵੜਨ ਸਾਰ "ਬੀਬੀ ਕਿੱਥੇ ਲੁਕੀ ਐਂ ??"

"ਬਾਹਰ ਨਿੱਕਲ "

"ਦੇਹ ਸਾਡੀ ਇਮਾਨਤ, ਪੇਕਿਆਂ ਦੇ ਘਰ ਆਏ ਹਾਂ, ਇਹੀ ਸਾਡੇ ਪੇਕੇ ਹਨ .."

ਕਹਿ ਅਸੀਸਾਂ ਦੀ ਝੜੀ ਲਾ ਦਿੱਤੀ .."

ਆਜੋ ਆਜੋ , ਮੈਂ ਘਰ ਹੀ ਹਾਂ " ਕਹਿ ਆਪਣੇ ਕੋਲ ਬੁਲਾ ਲਿਆ ਤੇ ਮੰਜੇ ਤੇ ਬਿਠਾ ਲਿਆ ..ਚਾਹ-ਪਾਣੀ , ਰੋਟੀ ਪੁੱਛੀ ਤੇ ਕਹਿਣ ਲੱਗੇ , "ਬੀਬੀ ਚੰਗੀ ਜਿਹੀ ਚਾਹ ਬਣਾਦੇ , ਰੋਟੀ ਤਾਂ ਖਾ ਕੇ ਆਈਆਂ " .. ਸਾਰਿਆਂ ਦੀ ਸੁੱਖ ਸਾਂਦ ਪੁੱਛ ਦੁੱਖ ਸੁੱਖ ਕਰਨ ਲੱਗ ਪਈਆਂ .. "ਬੀਬੀ ਕਈ ਲੋਕ ਤਾਂ ਬਹੁਤ ਚੰਗੇ ਹੁੰਦੇ ਹਨ ...ਸਾਨੂੰ ਪੂਰਾ ਇੱਜ਼ਤ ਮਾਣ ਦਿੰਦੇ ਹਨ ਤੇ ਕਈ ਗੇਟ ਤੇ ਆਇਆਂ ਨੂੰ ਵੇਖ ਹਾਲ ਦੁਹਾਈ ਪਾਉਣ ਲੱਗ ਜਾਂਦੇ ਹਨ ...ਜਿਵੇਂ ਅਸੀਂ ਦੁਸ਼ਟ ਕੜਮੇ ਹੋਏਏ .. !"

ਹੈਅ ਬੀਬੀ .. ਅਸੀਂ ਤਾਂ ਸੇਰ ਸੇਰ ਦਾਣਿਆਂ ਪਿੱਛੇ ਸਾਰੇ ਨਗਰਾਂ ਦਾ ਭਲਾ ਹੀ ਮੰਗਦੇ ਹਾਂ ..ਕਿਹੜਾ ਖੋਹ ਕੇ ਲਿਜਾਂਦੇ ਹਾਂ ..??

ਮੈਂ ਚਾਹ ਬਣਾ ਲਿਆਈ ਤੇ ਬਹਿ ਪੀਣ ਲੱਗੀਆਂ .. ਮੈਨੂੰ ਉਹਨਾਂ ਦੇ ਹਾਵ ਭਾਵ ਵੇਖ ਮਨ ਅੰਦਰੋਂ ਅੰਦਰੀ ਦਰਦ ਨਾਲ ਭਰ ਗਿਆ .. ਗੱਲਾਂ ਕਰਦੀਆਂ ਕਹਿਣ ਲੱਗੀਆਂ .."ਵੱਡੀ ਮੰਮੀ ਆਹਦੀ ਸੀ ..ਡਾਕਟਰਾਂ ਦੇ ਘਰੇ ਚਾਹ ਪੀ ਲੈਣਾ .. ਉਹਨਾਂ ਦਾ ਘਰ ਨਾ ਛੱਡ ਦੇਣਾ ਕਿਤੇ ...ਗੱਟਾ ਦਾਣਿਆ ਦਾ ਦਿੰਦੇ ਹੁੰਦੇ ਆ..ਹਰ ਫਸਲ ਤੇ .. !!"

ਗੱਲਾਂ ਕਰਦੀਆਂ ਕਰਦੀਆਂ ਆਵਦੇ ਮਾਪਿਆਂ ਨੂੰ ਚੇਤੇ ਕਰਕੇ ਅੱਖਾਂ ਭਰ ਆਈਆਂ .. "ਬੀਬੀ ਬਥੇਰਾ ਪੁੱਛਿਆ ਵੱਡੀ ਮੰਮੀ ਨੂੰ ,ਬਈ ਸਾਡਾ ਸਿਰਨਾਵਾਂ ਥਹੁ ਪਤਾ ਤਾਂ ਦੱਸਦੇ .. ਕਿਤੇ ਤੁਰੀਆਂ ਫਿਰਦੀਆਂ ਮਾਂ ਭੈਣ ਭਰਾ ਨੂੰ ਵੇਖ ਲਵਾਂਗੀਆਂ .. ਪਰ ਮੰਮੀ ਦੱਸਦੀ ਨਹੀਂ .. ਕਿਤੇ ਘਰ ਵਾਪਿਸ ਨਾ ਚਲੀਆਂ ਜਾਣ .. !! "

"ਬਹੁਤ ਦੁੱਖ ਆਉਦਾ ਬੀਬੀ ..ਰੱਬ ਨੇ ਸਾਡੇ ਨਾਲ ਵਿਤਕਰਾ ਕੀਤਾ .. ਸਾਡੇ ਕਿਹੜਾ ਵੱਸ ਐ ਭਲਾ ...??"

"ਰੱਬ ਸਾਨੂੰ ਧੀ ਬਣਾਉਂਦਾ , ਅਸੀਂ ਚੁੱਲ੍ਹਾ ਚੌਂਕਾ ਸਾਂਭਦੀਆਂ , ਘਰ ਵਸਾਉਦੀਆਂ ..??"

"ਰੱਬ ਪੁੱਤ ਬਣਾਉਂਦਾ , ਪਿਉ ਦਾ ਹੱਥ ਵਟਾਉਂਦੀਆਂ .. ਕਾਹਨੂੰ ਦਰ ਦਰ ਭੀਖ ਮੰਗਦੀਆਂ ...??"

"ਕੀਹਦਾ ਜੀਅ ਕਰਦਾ ਕਜੂਨ ਹੰਢਾਉਣ ਨੂੰ .. ??"

ਗੱਲਾਂ ਕਰਦਿਆਂ ਕਰਦਿਆਂ ਪਤਾ ਹੀ ਨਾ ਲੱਗਾ ..ਕਦੋਂ ਘੰਟਾ ਬੀਤ ਗਿਆ .. ।

"ਚੰਗਾ ਚੇਤੇ ਰੱਖਿਆ ਕਰ ਬੀਬੀ ਸਾਨੂੰ .. ਹੁਣ ਚੱਲਦੀਆਂ ..ਫਿਰ ਮਿਲਣ ਆਵਾਂਗੀਆਂ ...ਦੀਵਾਲੀ ਦੀ ਸਫਾਈ ਕਰਨੀ ਜਾ ਕੇ ...ਵੱਡੀ ਮੰਮੀ ਡੀਕਦੀ ਹੋਊ ...!!"

"ਇਹੀ ਨਗਰ ਖੇੜੇ ਸਾਡੇ ਪੇਕੜੇ ਐ .., ਹੁਣ ਰੱਬ ਮਾਰੀਆਂ ਦੇ .. "

"ਰੱਬ ਭਾਗ ਲਾਵੇ.. ਰੱਬ ਬਹੁਤਾ ਦੇਵੇ... ਲਾਦ ਸਰਕਾਰੂ ਨੌਕਰੀਆਂ ਤੇ ਲੱਗੇ ..ਖੇੜਾ ਵੱਸਦਾ ਰਵੇ..."""

ਕਹਿ ਪਤਾ ਹੀ ਨਹੀਂ ਕਿੰਨੀਆਂ ਅਸੀਸਾਂ ਦਿੰਦੀਆਂ ..ਬੱਚਿਆਂ ਦੇ ਸਿਰ ਪਲੋਸ ਕੇ ਦਾਣੇ ਚੁੱਕ ਤੁਰ ਗਈਆਂ ..!!

ਸੱਚ ਵਿੱਚ ਹੀ ਰੱਬ ਨੇ ਵਿਤਕਰਾ ਕੀਤਾ ..ਇਹਨਾਂ ਵਿਚਾਰਿਆਂ ਨਾਲ ਅਧੂਰੇ ਬਣਾ ਕੇ (ਹਿਜੜੇ) ਅਸੀਂ ਪੂਰੇ ਸੂਰੇ .. ਥੋੜ੍ਹੀ ਤਕਲੀਫ ਆਉਣ ਤੇ ਰੱਬ ਨਾਲ ਹਜ਼ਾਰਾਂ ਸ਼ਿਕਵੇ ਕਰਨ ਲੱਗਦੇ ਹਾਂ .. ਰੱਬ ਨੇ ਸਾਨੂੰ ਔਹ ਨੀ ਦਿੱਤਾ.. ਆਹ ਨੀ ਦਿੱਤਾ .. ??

ਪਰ ਰੱਬ ਨੇ ਸਾਨੂੰ ਸੁੰਦਰ ਪੂਰੇ ਇਨਸਾਨ ਬਣਾਇਆ ..ਸਰੀਰਿਕ ਪੱਖੋਂ ਕੋਈ ਵਿਤਕਰਾ ਨਹੀਂ ਕੀਤਾ ..ਪਰ ਅਸੀਂ ਰੱਬ ਦਾ ਸ਼ੁਕਰਾਨਾ ਕਰਨ ਦੀ ਬਜਾਏ ਹਮੇਸ਼ਾਂ ਨਾਸ਼ੁਕਰੇ ਨਾਖੁਸ਼ ਰਹਿੰਦੇ ਹਾਂ .. ਇਹਨਾਂ ਵਿਚਾਰਿਆਂ ਦੀ ਜਿੰਦਗੀ ਵੱਲ ਝਾਤ ਮਾਰੀਏ ਤਾਂ .. ਸੱਚ ਮੁੱਚ ਹੀ ਰੱਬ ਯਾਦ ਆਉਦਾ ਹੈ .. ਲੱਖ ਲੱਖ ਸ਼ੁਕਰ ਕਰਨ ਨੂੰ ਦਿਲ ਕਰਦਾ ਹੈ ।

ਇਹ ਤਰਸ ਦੇ ਪਾਤਰ ਸਾਡੀ ਸੁੱਖ ਹੀ ਮੰਗਦੇ ਹਨ, ਇਹਨਾਂ ਨੂੰ ਘਰ ਆਉਣ ਤੇ ਝਿੜਕਾਂ ਨਹੀਂ ਦੇਣੀਆਂ ਚਾਹੀਦੀਆਂ ..ਸਗੋਂ ਪੂਰੀ ਹਮਦਰਦੀ ਜਤਾਉਣੀ ਚਾਹੀਦੀ ਹੈ ..ਤਾਂ ਜੋ ਉਹਨਾਂ ਦੇ ਮਨ ਵਿੱਚ ਕੁਝ ਅਧੂਰਾਪਣ ਨਾ ਰੜਕੇ .. !!

ਚਾਹੀਦਾ ਤਾਂ ਇਹ ਸੀ ਕੇ ਇਹਨਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਪਰ ਅਸੀਂ ਇਹਨਾਂ ਨੂੰ ਮਜ਼ਾਕ ਦੇ ਪਾਤਰ ਸਮਝਦੇ ਹਾ।

ਉਹਨਾਂ ਵਿਚਾਰਿਆਂ ਰੱਬ ਦੇ ਮਾਰਿਆਂ ਦੀ ਕੱਲ ਤਸਵੀਰ ਖਿੱਚੀ... ਉਹਨਾਂ ਨੂੰ ਵੀ ਆਪਣਾਪਨ ਮਹਿਸੂਸ ਹੋਵੇ ਤੇ ਭੈਣ ਭਰਾਵਾਂ ਦੇ ਮੋਹ ਦਾ ਨਿੱਘ ਮਾਣ ਸਕਣ...!

ਸਦਾ ਲਈ ਤੜਫਦੇ .. ਰੱਬ ਤੇ ਦੁਨੀਆਂ ਪ੍ਰਤੀ ਢੇਰ ਸ਼ਿਕਵੇ ਮਨ ਅੰਦਰ ਸਮੋ ਕੇ ਅਲਵਿਦਾ ਕਹਿ ਜਾਣਗੇ ..ਇੱਕ ਦਿਨ ਆਵਦੇ ਖੂਨ ਦੇ ਰਿਸ਼ਤਿਆਂ ਦੀ ਇੱਕ ਇੱਕ ਝਲਕ ਨੂੰ ਤਰਸਦੇ ..ਬੋਝ ਭਰੀ ਧੱਕਿਆਂ ਦੀ ਖੁਆਰ ਜੂਨ ਹੰਢਾਅ ਕੇ ...!

"ਰਾਜਵਿੰਦਰ ਕੌਰ ਵੜਿੰਗ"

4000 ਕਰੋੜੀ Ramayana ਦੀ ਆਲੋਚਨਾ 'ਤੇ ਰਣਬੀਰ ਕਪੂਰ ਨੇ ਤੋੜੀ ਚੁੱਪ

4,000 ਕਰੋੜ ਰੁਪਏ ਦੀ ਰਾਮਾਇਣ 5 ਨਵੰਬਰ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਫਿਲਮ ਦੇ ਪ੍ਰੀਵਿਊ ਅਕਸਰ ਸੋਸ਼ਲ ਮੀਡੀਆ 'ਤੇ ਬਹਿਸ ਛੇੜਦੇ ਹਨ। ਕੁਝ ਲੋਕਾਂ ਨੇ ਫਿਲਮ ਦੇ ਗੀਤਾਂ ਅਤੇ VFX ਦੀ ਆਲੋਚਨਾ ਕੀਤੀ ਹੈ। ਅਦਾਕਾਰ ਰਣਬੀਰ ਕਪੂਰ ਨੇ ਹੁਣ ਆਲੋਚਨਾ ਦਾ ਜਵਾਬ ਦਿੱਤਾ ਹੈ।

ਰਣਬੀਰ ਕਪੂਰ ਨੇ ਨਿਤੇਸ਼ ਤਿਵਾੜੀ ਦੀ ਰਾਮਾਇਣ ਵਿੱਚ ਭਗਵਾਨ ਰਾਮ ਦੀ ਭੂਮਿਕਾ ਨਿਭਾਈ ਹੈ । ਇਸ ਫਿਲਮ ਦਾ ਪ੍ਰਚਾਰ ਕਰ ਰਹੇ ਅਦਾਕਾਰ ਨੇ ਹਾਲ ਹੀ ਵਿੱਚ ਇੱਕ ਪ੍ਰੋਗਰਾਮ ਵਿੱਚ ਟ੍ਰੋਲਿੰਗ ਨਾਲ ਨਜਿੱਠਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਇੱਕ ਪੁਰਾਣੇ ਗਾਣੇ ਦਾ ਉਦਾਹਰਣ ਦਿੱਤਾ ਕਿ ਉਹ ਟ੍ਰੋਲਿੰਗ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹਨ।

ਰਣਬੀਰ ਨੇ ਆਨਲਾਈਨ ਟ੍ਰੋਲਿੰਗ 'ਤੇ ਬੋਲਿਆ

ਹਾਲ ਹੀ ਵਿੱਚ ਆਈਆਈਐਮਯੁਐਨ ਦੇ ਇੱਕ ਪ੍ਰੋਗਰਾਮ ਦੌਰਾਨ ਆਲੋਚਨਾ ਬਾਰੇ ਬੋਲਦਿਆਂ, ਰਣਬੀਰ ਕਪੂਰ ਨੇ ਕਿਹਾ, "ਅੱਜ ਦੇ ਸਮੇਂ ਵਿੱਚ, ਔਨਲਾਈਨ ਟ੍ਰੋਲਿੰਗ ਦਾ ਆਪਣਾ ਇੱਕ ਵਿਲੱਖਣ ਪਹਿਲੂ ਹੈ। ਮੈਂ ਇਸ ਦਰਸ਼ਨ ਵਿੱਚ ਵਿਸ਼ਵਾਸ ਕਰਦਾ ਹਾਂ – 'ਕੁਛ ਤੋ ਲੋਗ ਕਹੇਂਗੇ, ਲੋਗੋਂ ਕਾ ਕੰਮ ਹੈ ਕਹਿਣਾ'। ਮੈਨੂੰ ਲੱਗਦਾ ਹੈ ਕਿ ਇਹ ਅਸਲ ਜ਼ਿੰਦਗੀ ਵਿੱਚ ਅਪਣਾਉਣ ਲਈ ਇੱਕ ਵਧੀਆ ਵਿਚਾਰ ਹੈ।"

ਅਦਾਕਾਰ ਤੁਸ਼ਾਰ ਕਪੂਰ ਨੂੰ ਆਈ ਧਮਕੀ ਭਰੀ ਕਾਲ

5 ਕਰੋੜ ਰੁਪਏ ਫਿਰੌਤੀ ਮੰਗੀ



ਮੁੰਬਈ : ਬਾਲੀਵੁੱਡ ਅਦਾਕਾਰ ਤੁਸ਼ਾਰ ਕਪੂਰ ਨੂੰ ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਹੈਰੀ ਬਾਕਸਰ ਦੇ ਨਾਂ 'ਤੇ ਫੋਨ ਆਇਆ । ਫੋਨ ਕਰਨ ਵਾਲੇ ਨੇ 5 ਕਰੋੜ ਰੁਪਏ ਦੀ ਫਿਰੌਤੀ ਮੰਗੀ। ਪ੍ਰਾਪਤ ਹੋਈ ਜਾਣਕਾਰੀ ਮੁਤਾਬਕ ਤੁਸ਼ਾਰ ਕਪੂਰ ਨੇ ਇਸ ਦੀ ਜਾਣਕਾਰੀ ਮੁੰਬਈ ਪੁਲਿਸ ਨੂੰ ਦਿੱਤੀ। ਇਸ ਤੋਂ ਬਾਅਦ ਮਾਮਲੇ ਦੀ ਜਾਂਚ ਐਂਟੀ-ਐਕਸਟੋਰਸ਼ਨ ਸੈੱਲ ਅਤੇ ਕ੍ਰਾਈਮ ਬ੍ਰਾਂਚ ਨੂੰ ਸੌਂਪ ਦਿੱਤੀ ਗਈ।

ਕ੍ਰਾਈਮ ਬ੍ਰਾਂਚ ਦੀ ਤਕਨੀਕੀ ਟੀਮ ਨੇ ਧਮਕੀ ਭਰੀ ਕਾਲ ਦੀ ਆਡੀਓ ਰਿਕਾਰਡਿੰਗ ਦੀ ਜਾਂਚ ਕੀਤੀ। ਇਸ ਤੋਂ ਬਾਅਦ ਆਵਾਜ਼ ਦਾ ਮਿਲਾਨ ਹੈਰੀ ਬਾਕਸਰ ਦੇ ਅਧਿਕਾਰਤ ਆਡੀਓ ਨਮੂਨਿਆਂ ਨਾਲ ਕੀਤਾ ਗਿਆ। ਪੁਲਿਸ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ, ਦੋਵਾਂ ਆਵਾਜ਼ਾਂ ਦਾ ਆਪਸ ਵਿੱਚ ਮਿਲਾਨ ਨਹੀਂ ਹੋਇਆ। ਇਸ ਕਾਰਨ ਪੁਲਿਸ ਨੂੰ ਸ਼ੱਕ ਹੈ ਕਿ ਇਹ ਫਰਜ਼ੀ ਕਾਲ ਸੀ। ਕਿਸੇ ਵਿਅਕਤੀ ਨੇ ਗੈਂਗ ਦਾ ਨਾਂ ਲੈ ਕੇ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜ਼ਿਕਰਯੋਗ ਹੈ ਕਿ ਲਾਰੈਂਸ ਗੈਂਗ ਦੇ ਗੁਰਗੇ ਹੈਰੀ ਬਾਕਸਰ 'ਤੇ ਬਾਲੀਵੁੱਡ ਅਤੇ ਫਿਲਮ ਇੰਡਸਟਰੀ ਨਾਲ ਜੁੜੀਆਂ ਕਈ ਹਸਤੀਆਂ ਨੂੰ ਧਮਕੀਆਂ ਦੇਣ ਦੇ ਦੋਸ਼ ਹਨ। ਇਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਨਾਂ ਅਦਾਕਾਰ ਰਣਵੀਰ ਸਿੰਘ ਦਾ ਹੈ। ਇਕ ਰਿਪੋਰਟ ਅਨੁਸਾਰ ਹੈਰੀ ਬਾਕਸਰ ਨੇ ਰਣਵੀਰ ਸਿੰਘ ਦੇ ਮੈਨੇਜਰ ਨੂੰ ਵਾਇਸ ਨੋਟ ਭੇਜ ਕੇ 10 ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਰਕਮ ਨਾ ਦੇਣ ਦੀ ਸੂਰਤ ਵਿੱਚ ਰਣਵੀਰ ਸਿੰਘ ਅਤੇ ਉਨ੍ਹਾਂ ਦੇ ਸਟਾਫ਼ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ ਸੀ। ਪ੍ਰੰਤੂ ਰੋਜ਼ਾਨਾ ਸਪੋਕਸਮੈਨ ਇਨ੍ਹਾਂ ਰਿਪੋਰਟ ਸਬੰਧੀ ਕੋਈ ਪੁਸ਼ਟੀ ਨਹੀਂ ਕਰਦਾ।

ਤੁਸ਼ਾਰ ਕਪੂਰ ਤੋਂ ਬਾਅਦ ਆਯੁਸ਼ਮਾਨ ਖੁਰਾਨਾ ਨੂੰ ਵੀ ਲਾਰੈਂਸ ਗੈਂਗ ਦੇ ਨਾਂ 'ਤੇ ਧਮਕੀ



ਬਾਲੀਵੁੱਡ ਅਦਾਕਾਰ ਆਯੁਸ਼ਮਾਨ ਖੁਰਾਨਾ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਂ 'ਤੇ ਧਮਕੀ ਭਰਿਆ ਆਡੀਓ ਮੈਸੇਜ ਮਿਲਿਆ ਹੈ। ਇਸ ਵਿੱਚ ਉਨ੍ਹਾਂ ਤੋਂ ਕਰੋੜਾਂ ਰੁਪਏ ਦੀ ਫਿਰੌਤੀ ਮੰਗੀ ਗਈ ਹੈ।

ਆਡੀਓ ਭੇਜ ਕੇ ਮੰਗੀ ਫਿਰੌਤੀ

ਅਦਾਕਾਰ ਨੂੰ ਕਥਿਤ ਤੌਰ 'ਤੇ ਇੱਕ ਆਡੀਓ ਕਲਿੱਪ ਭੇਜੀ ਗਈ ਹੈ। ਮੈਸੇਜ ਭੇਜਣ ਵਾਲੇ ਵਿਅਕਤੀ ਨੇ ਖ਼ੁਦ ਨੂੰ ਲਾਰੈਂਸ ਗੈਂਗ ਦਾ ਮੈਂਬਰ ਦੱਸਦਿਆਂ ਕਰੋੜਾਂ ਰੁਪਏ ਦੀ ਮੰਗ ਕੀਤੀ ਹੈ। ਮੁੰਬਈ ਪੁਲਿਸ ਦੇ ਸੂਤਰਾਂ ਮੁਤਾਬਕ, ਮੈਸੇਜ ਭੇਜਣ ਵਾਲੇ ਨੇ ਅਦਾਕਾਰ ਤੋਂ ਵੱਡੀ ਰਕਮ ਦੀ ਫਿਰੌਤੀ ਮੰਗੀ ਹੈ।

ਪੁਲਿਸ ਫਿਲਹਾਲ ਇਸ ਧਮਕੀ ਦੀ ਜਾਂਚ ਕਰ ਰਹੀ ਹੈ ਅਤੇ ਮੈਸੇਜ ਭੇਜਣ ਵਾਲੇ ਵੱਲੋਂ ਦੱਸੀ ਗਈ ਪਛਾਣ ਦੀ ਪੁਸ ਟੀ ਕੀਤੀ ਜਾ ਰਹੀ ਹੈ। ਜਾਂਚ ਦੇ ਹਿੱਸੇ ਵਜੋਂ ਅਧਿਕਾਰੀ ਇਸ ਆਡੀਓ ਮੈਸੇਜ ਦੀ ਤੁਲਨਾ ਆਪਣੇ ਰਿਕਾਰਡ ਵਿੱਚ ਉਸੇ ਨਾਂ ਵਾਲੇ ਵਿਅਕਤੀ ਦੀਆਂ ਮੌਜੂਦ ਰਿਕਾਰਡਿੰਗਾਂ ਨਾਲ ਕਰ ਰਹੇ ਹਨ।

ਪੁਲਿਸ ਕਰ ਰਹੀ ਮਾਮਲੇ ਦੀ ਜਾਂਚ

ਮਾਮਲੇ ਦੀ ਜਾਂਚ ਅਜੇ ਜਾਰੀ ਹੈ ਅਤੇ ਮੈਸੇਜ ਭੇਜਣ ਵਾਲੇ ਦਾ ਲਾਰੈਂਸ ਗੈਂਗ ਨਾਲ ਕਥਿਤ ਸਬੰਧ ਅਜੇ ਤੱਕ ਸਾਬਤ ਨਹੀਂ ਹੋਇਆ ਹੈ। ਇਹ ਘਟਨਾ ਅਦਾਕਾਰ ਤੁਸ਼ਾਰ ਕਪੂਰ ਨੂੰ ਮਿਲੀ ਧਮਕੀ ਤੋਂ ਕੁਝ ਦਿਨ ਬਾਅਦ ਸਾਹਮਣੇ ਆਈ ਹੈ। ਧਮਕੀ ਦੇਣ ਵਾਲੇ ਵਿਅਕਤੀ ਨੇ ਖ਼ੁਦ ਨੂੰ ਗੈਂਗਸਟਰ 'ਹਰੀ ਬਾਕਸਰ' ਦੱਸਿਆ ਸੀ ਅਤੇ ਕਥਿਤ ਤੌਰ 'ਤੇ 5 ਕਰੋੜ ਰੁਪਏ ਦੀ ਮੰਗ ਕੀਤੀ ਸੀ।

ਹਾਲਾਂਕਿ, ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਰੀ ਬਾਕਸਰ ਨਾਲ ਜੁੜੀਆਂ ਪਿਛਲੀਆਂ ਧਮਕੀਆਂ ਦੀਆਂ ਰਿਕਾਰਡਿੰਗਾਂ ਨਾਲ ਆਵਾਜ਼ ਦਾ ਮਿਲਾਨ ਕਰਨ 'ਤੇ ਪਤਾ ਲੱਗਿਆ ਕਿ ਕਾਲ ਕਰਨ ਵਾਲਾ ਵਿਅਕਤੀ ਉਹ ਗੈਂਗਸਟਰ ਨਹੀਂ ਸੀ, ਜਿਸ ਹੋਣ ਦਾ ਉਸ ਨੇ ਦਾਅਵਾ ਕੀਤਾ ਸੀ। ਇਹ ਘਟਨਾਕ੍ਰਮ ਮੁੰਬਈ ਦੇ ਜੁਹੂ ਇਲਾਕੇ ਵਿੱਚ ਅਦਾਕਾਰ ਟਾਈਗਰ ਸ਼ਰਾਫ ਦੇ ਘਰ ਦੇ ਬਾਹਰ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸਾਹਮਣੇ ਆਇਆ ਹੈ।

'ਸ਼ਾਕਾਲ' ਬਣ ਗਏ ਸੈਫ ਅਲੀ ਖ਼ਾਨ

ਸੈਫ ਅਲੀ ਖ਼ਾਨ ਨੇ ਹਾਲ ਹੀ ਵਿੱਚ ਇੰਸਟਾਗ੍ਰਾਮ 'ਤੇ ਡੈਬਿਊ ਕੀਤਾ ਹੈ। ਇਸ ਤੋਂ ਬਾਅਦ ਉਹ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿੰਦੇ ਹਨ ਅਤੇ ਆਏ ਦਿਨ ਕੁਝ ਨਾ ਕੁਝ ਪੋਸਟ ਕਰਦੇ ਰਹਿੰਦੇ ਹਨ। ਹਾਲ ਹੀ ਵਿੱਚ ਅਦਾਕਾਰ ਨੇ ਆਪਣਾ ਹੈਲੋਵੀਨ ਲੁੱਕ ਸਾਂਝਾ ਕੀਤਾ ਹੈ।

ਸੋਸ਼ਲ ਮੀਡੀਆ 'ਤੇ ਵੀਡੀਓ ਹੋਈ ਵਾਇਰਲ

ਸੈਫ ਅਲੀ ਖ਼ਾਨ ਦੇ ਇਸ ਮਜ਼ੇਦਾਰ ਲੁੱਕ ਨੂੰ ਦੇਖ ਕੇ ਤੁਸੀਂ ਵੀ ਹੱਸ-ਹੱਸ ਕੇ ਲੋਟਪੋਟ ਹੋ ਜਾਓਗੇ। ਅਦਾਕਾਰ ਦੀ ਹਾਲੀਆ ਇੰਸਟਾਗ੍ਰਾਮ ਪੋਸਟ ਨੇ ਪ੍ਰਸ਼ੰਸਕਾਂ ਦਾ ਖੂਬ ਮਨੋਰੰਜਨ ਕੀਤਾ ਹੈ। ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਗਈ ਵੀਡੀਓ ਵਿੱਚ ਅਦਾਕਾਰ ਗੰਜੇ ਨਜ਼ਰ ਆ ਰਹੇ ਹਨ ਪਰ ਅਚਾਨਕ ਉਹ ਆਪਣੇ ਸਿਰ ਤੋਂ ਪ੍ਰੋਸਥੈਟਿਕ ਮੇਕਅੱਪ ਨੂੰ ਨੋਚ ਕੇ ਉਤਾਰ ਦਿੰਦੇ ਹਨ। ਉਨ੍ਹਾਂ ਦਾ ਇਹ ਅੰਦਾਜ਼ ਦੇਖਣ ਵਿੱਚ ਕਾਫ਼ੀ ਮਜ਼ੇਦਾਰ ਹੈ।

ਮੇਕਅੱਪ ਉਤਾਰਨ ਤੋਂ ਬਾਅਦ ਉਨ੍ਹਾਂ ਦੇ ਅਸਲੀ ਵਾਲ ਦਿਖਾਈ ਦੇਣ ਲੱਗਦੇ ਹਨ, ਜਿਸ ਨੂੰ ਦੇਖ ਕੇ ਉੱਥੇ ਮੌਜੂਦ ਸਾਰੇ ਲੋਕ ਹੱਸਣ ਲੱਗ ਪੈਂਦੇ ਹਨ। ਵੀਡੀਓ ਸਾਂਝੀ ਕਰਦਿਆਂ ਸੈਫ ਨੇ ਕੈਪਸ਼ਨ ਵਿੱਚ ਲਿਖਿਆ, "ਇੱਥੇ ਹਰ ਕੋਈ ਆਪਣੇ ਹੈਲੋਵੀਨ ਲੁੱਕ ਬਾਰੇ ਪੋਸਟ ਕਰ ਰਿਹਾ ਹੈ ਅਤੇ ਮੈਂ ਬਸ ਸੋਮਵਾਰ ਨਾਲ ਨਜਿੱਠ ਰਿਹਾ ਹਾਂ। ਮੇਰਾ ਤਾਂ ਮਨ ਕਰ ਰਿਹਾ ਹੈ ਕਿ ਆਪਣੇ ਵਾਲ ਹੀ ਨੋਚ ਲਵਾਂ !"

'ਕੌਫੀ ਵਿਦ ਕਰਨ' 'ਚ ਨਜ਼ਰ ਆਵੇਗੀ ਜੋੜੀ

ਸੈਫ ਸੋਸ਼ਲ ਮੀਡੀਆ ਰਾਹੀਂ ਪ੍ਰਸ਼ੰਸਕਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਦੀਆਂ ਝਲਕੀਆਂ ਵੀ ਦਿਖਾ ਰਹੇ ਹਨ। ਇਸ ਤੋਂ ਇਲਾਵਾ, ਅਦਾਕਾਰ ਆਪਣੀ ਪਤਨੀ ਕਰੀਨਾ ਕਪੂਰ ਖ਼ਾਨ ਨਾਲ ਇੱਕ ਵਾਰ ਫਿਰ 'ਕੌਫੀ ਵਿਦ ਕਰਨ' ਸ਼ੋਅ ਵਿੱਚ ਨਜ਼ਰ ਆਉਣ ਵਾਲੇ ਹਨ। ਇੱਕ ਜੋੜੇ ਵਜੋਂ ਇਸ ਸ਼ੋਅ ਵਿੱਚ ਇਹ ਉਨ੍ਹਾਂ ਦੀ ਦੂਜੀ ਪੇਸ਼ਕਾਰੀ ਹੋਵੇਗੀ।

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਟੀਵੀ ਪੱਤਰਕਾਰ ਨਿਧੀ ਰਾਜ਼ਦਾਨ ਨਾਲ ਕਰਵਾਇਆ ਵਿਆਹ



ਜੰਮੂ-ਕਸ਼ਮੀਰ ਦੇ ਮੁ

ਕਮਾਊ ਧੀ...

ਅੱਖਾਂ ਦੇ ਹੇਠਲੇ ਪਾਸੇ ਅਰਧ–ਚੰਦ ਆਕਾਰ ਦੇ ਕਾਲੇ ਨਿਸ਼ਾਨ, ਸੁੱਕੀਆਂ ਜਾਤਾਂ, ਦੰਦਾਂ ਦਾ ਮਾਸ ਖੁਰਿਆ ਹੋਇਆ ਤੇ ਉਨ੍ਹਾਂ ਦੀਆਂ ਵਿਰਲਾਂ ਵਿਚ ਪੀਲਕ ਜੰਮੀ ਹੋਈ।

ਛਾਤੀ ਢਿਲਕੀ ਹੋਈ, ਅੱਖਾਂ ਦੀ ਝਾਕਣੀ ਵਿਚ ਘੋਰ–ਉਦਾਸੀ, ਤੋਰ ਵਿਚ ਕੋਈ ਖਿੱਚ ਨਹੀਂ। ਗੱਲ ਕਰਦੀ, ਜਿਵੇਂ ਘਰੋਂ ਹੀ ਅੱਕੀ ਅਕਾਈ ਆਈ ਹੋਵੇ।

ਡਰਾਈਵਰ–ਕੱਟ ਦਾੜ੍ਹੀ–ਮੁੱਛਾਂ ਵਾਲੇ ਇਕ ਮਾਸਟਰ ਨੇ ਮਲਕੀਤ ਕੌਰ ਦਾ ਨਾਉਂ ਬਾਲਣ ਕੌਰ ਧਰ ਦਿੱਤਾ।

ਸੁੱਕੀ ਸੜੀ, ਮਰੀ ਖਪੀ, ਵਾਧੂ ਜਿਹੀ ਤੀਵੀਂ, ਨਿਰਾ ਚੁੱਲ੍ਹੇ ਦਾ ਬਾਲਣ–ਹੁਣ ਮੱਚੀ, ਹੁਣ ਮੱਚੀ।

ਓਦਣ ਉਹ ਵਿਆਹ ਕਰਵਾ ਕੇ ਪਹਿਲੇ ਦਿਨ ਸਕੂਲ ਆਈ ਸੀ। ਸਾਂਝੀ–ਵਿਦਿਆ ਦੇ ਸਕੂਲ ਵਿਚ ਹੋਰ ਵੀ ਕਈ ਅਧਿਆਪਕਾਵਾਂ ਸਨ ਤੇ ਉਹ ਸਾਰੀਆਂ ਖੁਸ਼ ਹੀ ਨਹੀਂ, ਸਗੋਂ ਚਾਂਭੜਾਂ ਪਾਉਂਦੀਆਂ ਕਿ ਮਲਕੀਤ ਕੌਰ ਦਾ ਵਿਆਹ ਹੋ ਗਿਆ ਹੈ। ਮਾਸਟਰ ਉਹਦੇ ਵਿਆਹ ਦੀਆਂ ਗੱਲਾਂ ਕਰਦੇ।

'ਮੂੰਹ ਦੇਖ ਬਾਲਣ ਕੁਰ ਦਾ, ਜਿਵੇਂ ਹੱਡਾਂ–ਰੋੜੀ 'ਚੋਂ ਕੁੱਤੀ ਨਿੱਕਲ ਕੇ ਆਈ ਹੁੰਦੀ ਐ!' ਉਸ ਦੇ ਬੁਲ੍ਹਾਂ ਉਤੇ ਲੱਗੀ ਗੂੜ੍ਹੀ ਸੁਰਖੀ ਨੂੰ ਦੇਖਕੇ, ਤਿੱਖੀਆਂ ਅੱਖਾਂ ਤੇ ਕੱਟੀ ਹੋਈ ਦਾੜ੍ਹੀ ਵਾਲੇ ਸ਼ਕੇ ਜਿਹੇ ਮਾਸਟਰ ਨੇ ਤਨਜ਼ ਕਸੀ। ਮਾਸਟਰਾਂ ਦੀ ਢਾਣੀ ਵਿਚ ਹਾਸਾ ਅਸਮਾਨ ਜਾ ਚੜ੍ਹਿਆ।

ਓਏ ਚੱਲ ਇਹਦਾ ਵੀ ਬਚਾਰੀ ਦਾ ਜੱਗ 'ਚ ਸੀਰ ਹੋ ਗਿਐ।' ਖੁਲ੍ਹੀ ਦਾੜ੍ਹੀ ਤੇ ਢਿਲਕੀ ਪੱਗ ਵਾਲੇ ਗਿਆਨੀ ਨੇ ਹਮਦਰਦੀ ਪ੍ਰਗਟ ਕੀਤੀ।

'ਏਦੂੰ ਤਾਂ ਸਾਲਾ ਬੱਕਰੀ ਨਾਲ ਵਿਆਹ ਕਰਵਾ ਲੈਂਦਾ। ਦੋ ਸੇਰ ਧਾਰਾਂ ਤਾਂ ਦਿੰਦੀ!' ਓਸੇ ਡਰਾਈਵਰ–ਕੱਟ ਦਾੜ੍ਹੀ–ਮੁੱਛਾਂ ਵਾਲੇ ਮਾਸਟਰ ਨੇ ਉਸਦੀਆਂ ਢਿਲਕੀਆਂ ਛਾਤੀਆਂ ਉਤੇ ਚੋਟ ਕੀਤੀ।

ਫੇਰ ਕੀ ਲੂਲ੍ਹਾਂ ਆਲੇ ਖੇਡਣਗੇ ? ਬੱਤੀ–ਤੇਤੀ ਸਾਲ ਮਗਰੋਂ ਕੌਲ ਇਹਦਾ ਮੱਚ ਨੀ ਗਿਆ ਹੋਊ ?' ਉਹੀ ਸ਼ੂਕਾ ਮਾਸਟਰ ਬੁੜ੍ਹਕ–ਬੁੜ੍ਹਕ ਹੱਸਿਆ।

ਓਧਰ ਉਹਦੀਆਂ ਸਾਥੀ–ਅਧਿਆਪਕਾਵਾਂ–ਕੋਈ ਉਦੇ ਕੰਨਾਂ ਦੀਆਂ ਬਾਲੀਆਂ ਨੂੰ ਦੇਖਦੀ, ਕੋਈ ਉਸਦੀਆਂ ਚਿੱਟੀਆਂ ਚਪਲੀਆਂ ਨੂੰ ਉਸਦੇ ਪੈਰਾਂ ਵਿਚੋਂ ਲੁਹਾ ਕੇ ਆਪਣੇ ਪੈਰਾਂ ਵਿਚ ਪਾ–ਪਾ। ਕੋਈ ਉਸਦੇ ਸੂਟ ਦਾ ਕੱਪੜਾ ਉਂਗਲਾਂ ਵਿਚ ਮਲ–ਮਲ ਦੇਖਦੀ ਸੀ, ਤੇ ਕਿਸੇ ਦੀ ਨਿਗਾਅ ਉਸਦੇ ਮੂੰਹ ਉਤੇ ਫਿਰ ਰਹੀ ਸੀ।

ਮਲਕੀਤ ਕੌਰ ਰਾਣੀ ਬਣੀ ਬਾਹਾਂ ਵਾਲੀ ਕੁਰਸੀ ਉਤੇ ਜਚੀ ਬੈਠੀ ਸੀ। ਕੋਈਆਧਿਆਪਕਾਂ ਉਸ ਤੋਂ ਕੋਈ ਗੱਲ ਪੁੱਛਦੀ ਤਾਂ ਉਹ ਸਿਆਣੀ ਜਿਹੀ ਬਣਕੇ, ਪੋਲਾ ਜਿਹਾ ਬੋਲ ਕੇ ਜਵਾਬ ਦਿੰਦੀ। ਚੁੰਨੀ ਦੀ ਬੁੱਕਲ ਮਾਰੀ ਓਦਣ ਉਹ ਬੜੀ ਹੀ ਸਾਊ ਲੱਗ ਰਹੀ ਸੀ, ਬੜੀ ਹੀ ਚੰਗੀ।

ਉਸਦਾ ਪਿਓ ਇਕ ਰਿਟਾਇਰਡ ਫੌਜੀ ਸੀ। ਉਸਦੇ ਦੋ ਮੁੰਡੇ ਤੇ ਦੋ ਕੁੜੀਆਂ ਸਨ। ਮੁੰਡੇ ਦੋਵੇਂ ਵੱਡੇ ਸਨ। ਦੋਵੇਂ ਮੁੰਡੇ ਵਿਆਹੇ ਹੋਏ ਸਨ ਤੇ ਪਿਓ ਦੇ ਫੌਜੀ–ਰੋਹਬ ਤੋਂ ਤੰਗ ਆ ਕੇ ਅੱਡ ਹੋ ਗਏ।

ਵੱਡੀ ਕੁੜੀ ਅਣਪੜ੍ਹ ਰਹਿ ਗਈ ਤੇ ਉਹ ਉਸਨੇ ਮੁੰਡਿਆਂ ਦੇ ਅੱਡ ਹੋਣ ਤੋਂ ਪਹਿਲਾਂ ਕਦੋਂ ਦੀ ਵਿਆਹ ਦਿੱਤੀ। ਮਲਕੀਤ ਜਦ ਉਡਾਰ ਹੋਈ ਤਾਂ ਉਸਨੂੰ ਪੜ੍ਹਨ ਲਾ ਦਿੱਤਾ ਤੇ ਉਹ ਦਸਵੀਂ ਪਾਸ ਕਰਕੇ ਵੀਹ ਬਾਈ ਸਾਲ ਦੀ ਉਮਰ ਵਿਚ ਜੇ. ਬੀ. ਟੀ. ਕਰ ਗਈ। ਉਸ ਤੋਂ ਪਿੱਛੋਂ ਅਧਿਆਪਕਾ ਵੀ ਲੱਗ ਗਈ। ਜਦ ਉਸਦਾ ਵਿਆਹ ਹੋਇਆ, ਉਸਦੀ ਸਰਵਿਸ ਸੱਤ–ਅੱਠ ਸਾਲ ਦੀ ਹੋ ਚੁੱਕੀ ਸੀ।

ਉਹਦਾ ਪਿਓ ਚਾਹੁੰਦਾ ਸੀ ਕਿ ਉਹ ਉਸਨੂੰ ਕਿਸੇ ਵੱਡੇ ਘਰ ਵਿਆਹੇਗਾ ਅਤੇ ਚੰਗਾ ਮੁੰਡਾ ਭਾਲੇਗਾ। ਉਹ ਜਦ ਜੇ. ਬੀ. ਟੀ. ਕਰ ਗਈ ਤੇ ਫਿਰ ਨੌਕਰ ਹੋ ਕੇ ਤਨਖਾਹ ਪਾਉਣ ਲੱਗ ਪਈ, ਫਿਰ ਤਾਂ ਉਸਦੇ ਪਿਓ ਨੂੰ ਹੌਸਲਾ ਹੋ ਗਿਆ ਕਿ ਉਹ ਕਮਾਊ ਵੀ ਹੋ ਗਈ ਹੈ। ਹੁਣ ਤਾਂ ਵੀਹ ਜੱਟਾਂ ਦੇ ਪੁੱਤ ਉਸ ਵੱਲ ਹੱਥ ਅੱਡਣਗੇ।

ਉਹ ਕਈ ਥਾਂ ਮੁੰਡਾ ਦੇਖਣ ਗਿਆ। ਜ਼ਮੀਨ ਚੰਗੀ ਹੁੰਦੀ ਤਾਂ ਮੁੰਡਾ ਪਸਿੰਦ ਨਹੀਂ ਸੀ ਆਉਂਦਾ। ਜ਼ਮੀਨ ਵੀ ਚੰਗੀ ਹੁੰਦੀ, ਮੁੰਡਾ ਵੀ ਪਸਿੰਦ ਆ ਜਾਂਦਾ ਤਾਂ ਮੁੰਡਾ ਅਣਪੜ੍ਹ ਨਿੱਕਲ ਜਾਂਦਾ। ਮੁੰਡਾ ਪਸੰਦ ਵੀ ਆ ਜਾਂਦਾ ਤੇ ਪੜ੍ਹਿਆ ਲਿਖਿਆ ਵੀ ਹੁੰਦਾ ਤਾਂ ਜ਼ਮੀਨ ਦਾ ਖੁੱਡ ਨਾ ਹੁੰਦਾ।



ਕਈ ਥਾਂ ਸਭ ਕੁਝ ਜਚ ਜਾਂਦਾ, ਪਰ ਫੌਜੀ ਪਧਰ ਗੱਲਾਂ ਕਰਨ ਲੱਗ ਪੈਂਦਾ, 'ਸਾਡੀ ਕੁੜੀ ਨੇ ਗੋਹਾ ਕੂੜਾ ਤਾਂ ਸਿੱਟਣਾ ਨੀ! ਸਾਡੀ ਕੁੜੀ ਨੇ ਸੱਸ ਦਾ ਮੰਦਾ ਬੋਲ ਨੀ ਸਹਾਰਨਾ! ਸਾਡੀ ਕੁੜੀ ਨੇ ਨੌਕਰੀ ਤਾਂ ਛੱਡਣੀ ਨੀ! ਸਾਡੀ ਕੁੜੀ ਮਨ ਭੌਂਦਾ ਹੰਢਾਉ, ਮਨ ਭਾਉਂਦਾ ਖਾਉ! ਸਾਡੀ ਕੁੜੀ...।' ਇਸ ਤਰ੍ਹਾਂ ਹੀ ਉਸਦੇ ਪਿਓ ਨੇ ਚਾਰ ਪੰਜ ਸਾਲ ਲੰਘਾ ਦਿੱਤੇ।

ਹਰ ਮਹੀਨੇ ਤਨਖਾਹ ਲਿਆ ਕੇ ਮਲਕੀਤ ਆਪਣੇ ਪਿਓ ਨੂੰ ਫੜਾ ਦਿੰਦੀ। ਹਰ ਮਹੀਨੇ ਉਹਦਾ ਪਿਓ ਡਾਕਖਾਨੇ ਦੀ ਕਾਪੀ ਵਿਚ ਇਕ ਸੌ ਰੁਪਈਆ ਮਲਕੀਤ ਦੇ ਨਾਉਂ ਜਮ੍ਹਾ ਕਰਵਾ ਦਿੰਦਾ। ਇਸ ਤਰ੍ਹਾਂ ਪੰਜ ਹਜ਼ਾਰ ਰੁਪਏ ਤੋਂ ਉਤੇ ਨਾਮਾ ਉਸਦੀ ਕਾਪੀ ਵਿਚ ਜਮ੍ਹਾ ਹੋ ਚੁਕਿਆ ਸੀ।

ਮਲਕੀਤ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਹਮੇਸ਼ਾ ਆਪਣੇ ਪਿਓ ਦੀ ਆਗਿਆ ਵਿਚ ਰਹਿੰਦੀ। ਜਿੱਥੇ ਕਹਿੰਦਾ ਬੈਠਦੀ ਉਠਦੀ। ਜਿਹੜਾ ਕੱਪੜਾ ਦਿੰਦਾ ਪਹਿਨਦੀ ਤੇ ਜਿਹੜਾ ਕੰਮ ਆਖਦਾ ਕਰਦੀ। ਬਹੁਤ ਨਰਮ।

ਮੂੰਹ ਵਿਚ ਬੋਲ ਨਹੀਂ ਸੀ। ਉਹ ਦਿਨੋ ਦਿਨ ਵੱਡੀ ਹੋ ਰਹੀ ਸੀ। ਉਹਦੇ ਪਿਓ ਨੂੰ ਮੁੰਡਾ ਨਹੀਂ ਸੀ ਲੱਭਦਾ। ਕੋਈ ਕਣ ਵਾਲੀ ਕੁੜੀ ਹੁੰਦੀ ਤਾਂ ਕਿਸੇ ਹਾਣੀ ਨਾਲ ਸਬੰਧ ਪੈਦਾ ਕਰ ਲੈਂਦੀ ਤੇ ਆ ਕੇ ਪਿਓ ਨੂੰ ਕਹਿ ਦਿੰਦੀ –ਬਾਪੂ ਜੀ ਮੈਂ ਆਪਣਾ ਸਾਥੀ ਭਾਲ ਲਿਆਂਦਾ।

ਪਰ ਉਹ ਇਸ ਤਰ੍ਹਾਂ ਦੀ ਕੁੜੀ ਨਹੀਂ ਸੀ। ਉਹ ਤਾਂ ਗਊ ਸੀ, ਤੇ ਸਮਝਦੀ ਸੀ ਕਿ ਉਹਦਾ ਪਿਓ ਉਹਦਾ ਰੱਸਾ ਲਾਹ ਕੇ ਕਿਸੇ ਨੂੰ ਵੀ ਇਕ ਦਿਨ ਫੜਾ ਦੇਵੇਗਾ। ਜਿਸ ਕਿਸੇ ਦੇ ਹੱਥ ਉਸਦਾ ਰੱਸਾ ਹੋਵੇਗਾ, ਉਹੀ ਉਹਦਾ ਮਾਲਕ ਹੋਵੇਗਾ।193

ਦਿਨ–ਦਿਨ ਉਹਦੀ ਜੁਆਨੀ ਢਲਦੀ ਗਈ। ਦਿਨੋ–ਦਿਨ ਉਹਦੇ ਸੁਪਨੇ ਮਾਂਦ ਪੈਂਦੇ ਗਏ। ਦਿਨੋ–ਦਿਨ ਉਹ ਮਰਦੀ ਗਈ। ਦਿਨੋ–ਦਿਨ ਉਹਦਾ ਕਣ ਮਚਦਾ ਗਿਆ। ਦਿਨੋ–ਦਿਨ ਉਹਦਾ ਪਿੱਤਾ ਸੜਦਾ ਗਿਆ।

ਉਸਦੀ ਡਾਕਖਾਨੇ ਦੀ ਕਾਪੀ ਵਿਚ ਛੀ ਹਜ਼ਾਰ ਰੁਪਈਆ ਜਮ੍ਹਾ ਹੋ ਚੁਕਿਆ ਸੀ। ਕਦੇ ਕਦੇ ਮਲਕੀਤ ਦਾ ਜੀਅ ਕਰਦਾ ਕਿ ਉਹ ਡਾਕਖਾਨੇ ਦੀ ਕਾਪੀ ਨੂੰ ਅੱਗ ਲਾ ਦੇਵੇ ਬੂ ਕਰਕੇ ਘਰੋਂ ਬਾਹਰ ਹੋ ਜਾਵੇ, ਤਿਉਰਾਂ ਦੇ ਕਿਸੇ ਮੁੰਡੇ ਨਾਲ ਭਾਵੇਂ ਉੱਧਲ ਜਾਵੇ ਤੇ ਆਪਣੇ ਪਿਓ ਕੰਜਰ ਦੀ ਦਾੜੀ ਫੂਕ ਦੇਵੇ। ਪਰ ਉਹ ਐਸੀ ਕੁੜੀ ਨਹੀਂ ਸੀ। ਉਹ ਤਾਂ ਆਪਣੇ ਪਿਓ ਦੀ ਸਾਊ ਧੀ ਸੀ।

ਛੀ ਹਜ਼ਾਰ ਦੇ ਲਾਲਚ ਵਿਚ ਆ ਕੇ ਤੇ ਕੁੜੀ ਦੀ ਤਨਖਾਹ ਪੈਂਦੀ ਦੇਖ ਕੇ ਆਖਰ ਇਕ ਗਰਾਮ ਸੇਵਕ ਮੁੰਡਾ ਫੌਜੀ ਦੇ ਅੜਿੱਕੇ ਆ ਗਿਆ।

ਮੁੰਡੇ ਦੀ ਉਮਰ ਸਾਰੀ ਤੇਈ ਸਾਲ। ਜ਼ਮੀਨ ਵੀ ਥੋੜੀ ਮੋਟੀ ਸੀ ਉਹਦੇ ਹਿੱਸੇ ਦੀ। ਮੁੰਡਾ ਸੀ ਵੀ ਸੋਹਣਾ ਤੇ ਪੜ੍ਹਿਆ ਲਿਖਿਆ ਵੀ। ਮਲਕੀਤ ਦੀ ਮਾਂ ਖੁਸ਼ ਤੇ ਫੌਜੀ ਵੀ। ਮਲਕੀਤ ਆਪ ਬੜੀ ਖੁਸ਼। ਸਭ ਖੁਸ਼ ਸਨ।

ਹਾਂ, ਓਦਣ ਮਲਕੀਤ ਵਿਆਹ ਕਰਵਾ ਕੇ ਪਹਿਲੇ ਦਿਨ ਸਕੂਲ ਆਈ। ਸਭ ਖੁਸ਼ ਸਨ। ਸਭ ਚਾਂਭੜਾਂ ਪਾਉਂਦੇ ਸਨ। ਓਦਣ ਤਾਂ ਉਹ ਸਦੇਹਾਂ ਹੀ ਸਕੂਲ ਆ ਗਈ ਸੀ।

ਸਵੇਰੇ–ਸਵੇਰੇ ਸਕੂਲ ਦੇ ਗੇਟ ਉੱਤੇ ਲੱਗਿਆ ਲੋਹੇ ਦਾ ਫਾਟਕ ਅਜੇ ਲੰਗੜੇ ਚਪੜਾਸੀ ਨੇ ਖੋਲ੍ਹਿਆ ਹੀ ਸੀ ਕਿ ਉਹ ਅੰਦਰ ਲੰਘ ਆਈ। ਚਪੜਾਸੀ ਨੇ ਉਸਨੂੰ ਵਧਾਈ ਦਿੱਤੀ, ਤਾਂ ਮਲਕੀਤ ਨੇ ਚੋਰੀ ਹਾਸਾ ਹੱਸ ਕੇ ਆਪਣਾ ਮੂੰਹ ਆਪਣੇ ਮੋਢੇ ਨਾਲ ਜੋੜ ਲਿਆ।

ਜਦ ਉਹ ਸਕੂਲ ਆ ਕੇ ਵੜੀ ਤਾਂ ਸਕੂਲ ਦੀ ਹਲਟੀ ਉਤੇ ਪਾਣੀ ਪੀਂਦੀਆਂ ਸੱਤਵੀਂ–ਅੱਠਵੀਂ ਜਮਾਤ ਦੀਆਂ ਕੁੜੀਆਂ ਭੱਜ ਕੇਉਸ ਕੋਲ ਆ ਗਈਆਂ ਤੇ ਉਹਦੇ ਚੁਪ–ਚਿਹਰੇ ਨੂੰ ਗਹੁ ਨਾਲ ਦੇਖਣ ਲੱਗ ਪਈਆਂ। ਨਵੀਂ ਵਿਆਹੀ ਕੁੜੀ ਨੂੰ ਹਰ ਕੋਈ ਗਹੁ ਨਾਲ ਦੇਖਦਾ ਹੈ।

ਗਰਾਮ–ਸੇਵਕ ਮੁੰਡਾ ਬੜਾ ਖੁਸ਼ ਸੀ ਕਿ ਉਸ ਦੀ ਵਹੁਟੀ ਉਸ ਨਾਲੋਂ ਵੱਧ ਤਨਖਾਹ ਪਾਉਂਦੀ ਹੈ। ਡਾਕਖਾਨੇ ਦੀ ਕਾਪੀ ਵਾਲਾ ਛੀ ਹਜ਼ਾਰ ਪੂਰੇ ਦਾ ਪੂਰਾ ਮਲਕੀਤ ਦੇ ਕਬਜ਼ੇ ਵਿਚ ਸੀ। ਮਲਕੀਤ ਦੇ ਕਬਜ਼ੇ ਵਿਚ ਸਮਝੋ ਗਰਾਮ–ਸੇਵਕ ਮੁੰਡੇ ਦੇ ਕਬਜ਼ੇ ਵਿਚ ਸੀ।

ਗਰਾਮ–ਸੇਵਕ ਦਾ ਪਿਓ ਖੁਸ਼ ਸੀ। ਗਰਾਮ–ਸੇਵਕ ਦੀ ਮਾਂ ਖੁਸ਼ ਸੀ। ਰਿਸ਼ਤੇਦਾਰ ਖੁਸ਼ ਸਨ। ਸਾਰਾ ਮੁਹੈਣ ਖੁਸ਼ ਸੀ ਕਿ ਮੁੰਡੇ ਨੂੰ ਵਹੁਟੀ ਕਾਹਦੀ ਮਿਲੀ, ਬਾਰਾਂ–ਮਾਸੀਆਂ ਅੰਡੇ ਦੇਣ ਵਾਲੀ ਮੁਰਗੀ ਮਿਲ ਗਈ। ਉਸ ਦੀ ਇਕੱਲੀ ਦੀ ਤਨਖਾਹ ਉਤੇ ਹੀ ਸਾਰੇ ਟੱਬਰ ਦਾ ਗੁਜ਼ਾਰਾ ਹੋ ਸਕਦਾ ਸੀ।

ਇਕ ਦਿਨ ਬਲਾਕ ਦੇ ਸਾਰੇ ਗਰਾਮ–ਸੇਵਕਾਂ ਦੀ ਮੀਟਿੰਗ ਸੀ। ਮੀਟਿੰਗ ਉਤੇ ਉਹ ਗਰਾਮ ਸੇਵਕ ਆਇਆ ਤਾਂ ਮਲਕੀਤ ਨੂੰ ਵੀ ਨਾਲ ਲੈ ਆਇਆ। ਮਲਕੀਤ ਨੇ ਬਾਜ਼ਾਰ ਵਿਚੋਂ ਕੁਝ ਕੱਪੜਾ ਤੇ ਹੋਰ ਸਮਾਨ ਖਰੀਦਣਾ ਸੀ।

ਜਿੰਨਾ ਚਿਰ ਉਹ ਮੀਟਿੰਗ ਵਿਚ ਰਿਹਾ, ਓਨਾ ਚਿਰ ਉਹ ਆਪਣੀ ਕਿਸੇ ਸਹੇਲੀ ਦੇ ਘਰ ਬੈਠੀ ਰਹੀ। ਮੀਟਿੰਗ ਖਤਮ ਹੋਈ ਤਾਂ ਉਹ ਦੋਵੇਂ ਬਾਜ਼ਾਰ ਵਿਚ ਲੋੜੀਂਦੀਆਂ ਚੀਜ਼ਾਂ ਖਰੀਦਣ ਲਈ ਆ ਗਏ। ਤਨਖਾਹ ਤਾਜ਼ੀ ਤਾਜ਼ੀ ਮਿਲੀ ਸੀ।

ਬਾਜ਼ਾਰ ਵਿਚ ਦੂਜੇ ਗਰਾਮ–ਸੇਵਕਾਂ ਦੀ ਜੁੰਡਲੀ ਵੀ ਨਿੱਕ–ਸੁੱਕ ਖਰੀਦਦੀ ਫਿਰਦੀ ਸੀ। ਉਸ ਗਰਾਮ–ਸੇਵਕ ਦੀ ਵਹੁਟੀ ਨੂੰ ਜਦ ਉਨ੍ਹਾਂ ਨੇ ਦੇਖਿਆ, ਤਾਂ ਉਨ੍ਹਾਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਢਿਲਕੇ ਸਰੀਰ ਤੇ ਹੋ ਹੋਏ ਚਿਹਰੇ ਵਾਲੀ ਮਲਕੀਤ ਵਲ ਦੇਖ ਕੇ ਪਹਿਲਾਂ ਤਾਂ ਉਹ ਸਾਰੇ ਹੈਰਾਨ ਹੋਏ ਤੇ ਫੇਰ ਤਾੜੀ ਮਾਰ ਕੇ ਹੱਸ ਪਏ।

ਅਗਲੀ ਮੀਟਿੰਗ ਉੱਤੇ ਜਦ ਉਹ ਫੇਰ ਇਕੱਠੇ ਹੋਏ, ਤਾਂ ਉਸ ਗਰਾਮ–ਸੇਵਕ ਮੁੰਡੇ ਦੀ ਸਮਝੋ ਸ਼ਾਮਤ ਹੀ ਆ ਗਈ।

ਓਏ ਤੇਰੀ ਤਾਂ ਉਹ 'ਮਾਂ' ਜੀ ਲਗਦੀ ਸੀ।' ਇਕ ਗਰਾਮ ਸੇਵਕ ਨੇ ਉਸ ਦੇ ਮੂੰਹ ਉੱਤੇ ਹੀ ਇੱਟ ਵਾਂਗ ਗੱਲ ਕੱਢ ਮਾਰੀ।

ਓਏ ਤੂੰ ਉਹਦੀ ਤਨਖਾਹ ਈ ਦੇਖ ਲੀ, ਹੋਰ ਕੁਸ ਤਾਂ ਨਾ ਦੇਖਿਆ। ਇਕ ਹੋਰ ਗਰਾਮ–ਸੇਵਕ ਨੇ ਉਸ ਦਾ ਮੋਢਾ ਫੜਕੇ ਪੁੱਛਿਆ।

ਆਹ ਜਿਹੜਾ ਗੋਲੀ ਅਰਗਾ ਸਰੀਰ ਲਈ ਫਿਰਦੈਂ, ਦਿਨਾਂ 'ਚ ਈ ਨੇਂਬੂ ਆਂਗੂ ਨਚੋੜ ਦੂ। ਤੂੰ ਵੀ ਉਹਦੇ ਅਰਗਾ ਫਿੜਕਾ ਜਾ ਬਣਜੇਂਗਾ ਇਕ ਦਿਨ।' ਇਕ ਬਜ਼ੁਰਗ ਜਿਹੇ ਗਰਾਮ ਸੇਵਕ ਨੇ ਉਨ੍ਹਾਂ ਦੀ ਉਮਰ ਦੇ ਫਰਕ ਉਤੇ ਝੋਰਾ ਪ੍ਰਗਟ ਕੀਤਾ।

ਸਾਰੀਆਂ ਗੱਲਾਂ ਉਹ ਨੀਵੀਂ ਪਾ ਕੇ ਸੁਣਦਾ ਰਿਹਾ ਤੇ ਮਿਣ–ਮਿਣ ਕਰਦਾ ਰਿਹਾ। ਇਕ ਮੌਕੇ ਤਾਂ ਉਸ ਨੂੰ ਤ੍ਰੇਲੀ ਆ ਗਈ, ਜਦ ਖਚਰੀਆਂ ਅੱਖਾਂ ਵਾਲਾ ਇਕ ਗਰਾਮ ਸੇਵਕ ਉਸ ਨੂੰ ਪੁੱਛ ਬੈਠਾ–ਬਾਈ ਸਿਆਂ, ਉਹ ਕੜਬ ਦੇ ਟਾਂਡੇ ਕਿੱਥੋਂ ਖ਼ਰੀਦ ਕੇ ਲਿਆਂਦੇ ਐ?'

ਗਰਾਮ–ਸੇਵਕ ਮੁੰਡਾ ਉਸ ਦਿਨ ਘਰ ਆਇਆ ਤਾਂ ਮਲਕੀਤ ਦੇ ਸਰੀਰ ਵਿਚੋਂ ਉਸ ਨੂੰ ਸੜੇਹਾਣ ਮਾਰਨ ਲੱਗ ਪਈ। ਉਸ ਦੇ ਹੱਥ ਤੇ ਉਸ ਦੀਆਂ ਬਾਹਾਂ ਉਸ ਨੂੰ ਬਿਲਕੁਲ ਹੀ ਬੁੜ੍ਹੀ ਤੀਵੀਂ ਵਰਗੀਆਂ ਲਗਦੀਆਂ। ਉਸ ਦੇ ਢਿਲਕੇ ਤੇ ਸੁੱਕੇ ਚਿੱਬੇ ਚਿਹਰੇ ਨੂੰ ਦੇਖ ਕੇ ਲਗਦਾ ਜਿਵੇਂ ਉਹ ਉਸ ਦੀ ਮਾਂ ਹੋਵੇ। ਉਸ ਰਾਤ ਉਸ ਨੇ ਉਸ ਦੇ ਕੋਲ ਮੰਜੀ ਨਾ ਡਾਹੀ ਤੇ ਬਾਹਰਲੇ ਘਰ ਜਾ ਸੁੱਤਾ।

ਦਿਨ ਲੰਘ ਰਹੇ ਸਨ।

ਮਲਕੀਤ ਨੂੰ ਆਪਣੇ ਵਿਚੋਂ ਮਰੇ ਚੂਹੇ ਵਰਗਾ ਮੁਸ਼ਕ ਆਉਂਦਾ। ਉਸਨੂੰ ਮਹਿਸੂਸ ਹੁੰਦਾ, ਜਿਵੇਂ ਉਸ ਦਾ ਸਰੀਰ ਕਿਸੇ ਮੱਝ ਦਾ ਸੁੱਕਿਆ ਖੱਲੜ ਹੋਵੇ। ਉਸ ਦਾ ਮਨ ਗਵਾਹੀ ਦਿੰਦਾ ਕਿ ਉਸ ਦੇ ਪਤੀ ਨੇ ਉਸ ਦੇ ਸਰੀਰ ਨਾਲ ਵਿਆਹ ਨਹੀਂ ਕਰਵਾਇਆ, ਉਸ ਦੀ ਡਾਕਖਾਨੇ ਵਾਲੀ ਕਾਪੀ ਨਾਲ ਵਿਆਹ ਕਰਵਾਇਆ ਹੋਇਆ ਹੈ ਤੇ ਹਰ ਮਹੀਨੇ ਆਉਂਦੀ ਤਨਖਾਹ ਨਾਲ ਵਿਆਹ ਕਰਵਾਇਆ ਹੋਇਆ ਹੈ।

ਉਹ ਆਪਣੇ ਸਹੁਰੇ–ਪਿੰਡੋਂ ਹਰ ਰੋਜ਼ ਸਾਈਕਲ ਉਤੇ ਸਕੂਲ ਆਉਂਦੀ ਤੇ ਮੱਚੀ ਬੁਝੀ ਮੁੜ ਜਾਂਦੀ। ਨਵੇਂ–ਨਵੇਂ ਵਿਆਹ ਵਾਲੀ ਤਾਂ ਉਸ ਵਿਚ ਹੁਣ ਮੜਕ ਹੀ ਨਹੀਂ ਰਹੀ। ਉਸ ਦਾ ਪਤੀ ਪੰਜਵੇਂ ਸੱਤਵੇਂ ਦਿਨ ਪਿੰਡ ਆਉਂਦਾ।

ਬਹੁਤੀਆਂ ਰਾਤਾਂ ਬਾਹਰ ਕਟਦਾ। ਜਦ ਆਉਂਦਾ ਤਾਂ ਸਿੱਧੇ–ਮੂੰਹ ਗੱਲ ਨਹੀਂ ਸੀ ਕਰਦਾ। ਮਲਕੀਤ ਨੂੰ ਪੱਕਾ ਨਿਸ਼ਚਾ ਹੋ ਗਿਆ ਕਿ ਉਸ ਦੇ ਪੇਕੇ–ਘਰ ਤੇ ਸਹੁਰੇ–ਘਰ ਵਿਚ ਕੋਈ ਫ਼ਰਕ ਨਹੀਂ। ਉਥੇ ਤਨਖਾਹ ਉਹਦਾ ਪਿਓ ਫੜ ਲੈਂਦਾ ਸੀ ਤੇ ਏਥੇ ਉਹਦਾ ਪਤੀ ਫੜ ਲੈਂਦਾ ਹੈ।

ਡਾਕਖਾਨੇ ਦੀ ਕਾਪੀ ਵਿਚ ਵੀ ਦੋ ਹਜ਼ਾਰ ਹੀ ਰਹਿ ਗਿਆ। ਕਦੇ ਦੋ ਸੌ ਕਢਾ ਲਿਆ, ਕਦੇ ਪੰਜ ਸੌ ਕਢਾ ਲਿਆ। ਉਹਦੇ ਪਤੀ ਨੇ ਮਹਿੰਗੀਆਂ–ਮਹਿੰਗੀਆਂ ਪੈਂਟਾਂ ਸਿਲਾਈਆਂ ਤੇ ਮਹਿੰਗੇ ਮਹਿੰਗੇ ਸੂਟ ਬਣਵਾ ਲਏ।

ਚਾਰ–ਚਾਰ ਜੋੜੀਆਂ ਬੂਟਾਂ ਦੀਆਂ ਤੇ ਛੀ–ਛੀ ਪੱਗਾਂ। ਦੋਸਤਾਂ ਦੀਆਂ ਢਾਣੀਆਂ ਵਿਚ ਬਹਿ ਕੇ ਸ਼ਰਾਬ ਮੁੰਹੋਂ ਮਸਲੀ ਅੰਨ੍ਹੀ ਕਰ ਰੱਖੀ ਸੀ। ਜਦ ਉਹ ਪਿੰਡ ਆਉਂਦਾ ਉਹਦੀ ਜੇਬ ਖਾਲੀ ਹੁੰਦੀ। ਉਹਦੇ ਭਾਣਜੇ ਦਾ ਵਿਆਹ ਸੀ। ਉਹ ਹਜ਼ਾਰ ਰੁਪਈਆ ਉਸ ਦੇ ਵਿਆਹ ਉਤੇ ਚੱਬ ਆਇਆ।

ਉਹ ਜਦ ਜੇ. ਬੀ. ਟੀ. ਵਿਚ ਪੜ੍ਹਦੀ ਹੁੰਦੀ, ਉਹਦੀ ਜਮਾਤਣ ਸੀ, ਸ਼ਰਨਪਾਲ। ਸ਼ਰਨਪਾਲ ਪੁੱਜ ਕੇ ਬਹੁਤੀ ਸੋਹਣੀ ਤਾਂ ਨਹੀਂ ਸੀ, ਪਰ ਦੇਖਣ ਨੂੰ ਚੰਗੀ ਲਗਦੀ ਸੀ। ਉਨ੍ਹਾਂ ਦੇ ਨਾਲ ਹੀ ਪੜ੍ਹਦਾ ਇਕ ਮੁੰਡਾ ਜਿਹੜਾ ਘਰੋਂ ਬੜਾ ਚੰਗਾ ਸੀ, ਤੇ ਸੋਹਣਾ ਵੀ, ਸ਼ਰਨਪਾਲ ਨੂੰ ਛੇ

ਪੰਜਾਬ ਰਾਜ ਸਕੂਲ ਖੇਡਾਂ ਅੰਡਰ-17 ਵਰਗ 'ਚ ਜਰਖੜ ਹਾਕੀ ਅਕੈਡਮੀ ਨੇ ਜਿੱਤਿਆ ਕਾਂਸੀ ਦਾ ਤਮਗਾ

ਜ਼ਿਲ੍ਹਾ ਲੁਧਿਆਣਾ ਨੂੰ 4-3 ਨਾਲ ਹਰਾਇਆ

ਲੁਧਿਆਣਾ : ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਦੇ ਬੱਚਿਆਂ ਨੇ ਪੰਜਾਬ ਰਾਜ ਸਕੂਲ ਖੇਡਾਂ ਅੰਡਰ-17 ਸਾਲ ਵਰਗ ਹਾਕੀ ਮੁੰਡਿਆਂ ਵਿੱਚ ਵਧੀਆ ਖੇਡ ਦਾ ਵਿਖਾਵਾ ਕਰਦਿਆਂ ਕਾਂਸੀ ਦਾ ਤਮਗਾ ਹਾਸਿਲ ਕਰਕੇ ਜਰਖੜ ਦਾ ਨਾਮ ਰੋਸ਼ਨ ਕੀਤਾ।

ਸਥਾਨਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਵਿੱਚ ਹੋਈਆਂ ਇਨ੍ਹਾਂ ਰਾਜ ਪੱਧਰੀ ਸਕੂਲ ਖੇਡਾਂ ਵਿੱਚ ਜਰਖੜ ਹਾਕੀ ਅਕੈਡਮੀ ਨੇ ਕਾਂਸੀ ਦੇ ਤਮਗੇ ਲਈ ਖੇਡੇ ਗਏ ਰੋਮਾਂਚਕ ਮੈਚ ਵਿੱਚ ਜ਼ਿਲ੍ਹਾ ਲੁਧਿਆਣਾ ਨੂੰ 4-3 ਗੋਲਾਂ ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਿਆ।







ਸੈਮੀਫਾਈਨਲ ਤੱਕ ਦਾ ਸ਼ਾਨਦਾਰ ਸਫ਼ਰ

ਇਸ ਤੋਂ ਪਹਿਲਾਂ ਜਰਖੜ ਹਾਕੀ ਅਕੈਡਮੀ ਨੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਚਚਰਾੜੀ ਹਾਕੀ ਅਕੈਡਮੀ ਨੂੰ ਅਤੇ ਪ੍ਰੀ ਕੁਆਰਟਰ ਫਾਈਨਲ ਵਿੱਚ ਜ਼ਿਲ੍ਹਾ ਰੋਪੜ ਨੂੰ ਹਰਾਇਆ ਜਦਕਿ ਲੀਗ ਦੌਰ ਵਿੱਚ ਖੇਲੋ ਇੰਡੀਆ ਜਲੰਧਰ, ਨਵਾਂ ਸ਼ਹਿਰ, ਫਰੀਦਕੋਟ ਅਤੇ ਕਈ ਹੋਰ ਟੀਮਾਂ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਪਾਇਆ।

ਸੈਮੀਫਾਈਨਲ ਵਿੱਚ ਜਰਖੜ ਅਕੈਡਮੀ ਨੂੰ ਪੀ.ਆਈ.ਐੱਸ. ਮੋਹਾਲੀ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ, ਪਰ ਕਾਂਸੀ ਤਮਗੇ ਵਾਲੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਫਿਰ ਜ਼ੋਰ ਦਿਖਾਉਂਦਿਆਂ ਜ਼ਿਲ੍ਹਾ ਲੁਧਿਆਣਾ ਨੂੰ ਹਰਾ ਕੇ ਕਾਂਸੀ ਦਾ ਤਮਗਾ ਹਾਸਿਲ ਕੀਤਾ।

ਕੋਚ ਸਾਹਿਬਾਨ ਦੀ ਮਿਹਨਤ ਰੰਗ ਲਿਆਈ

ਇਸ ਜਿੱਤ ਬਦਲੇ ਜਰਖੜ ਹਾਕੀ ਅਕੈਡਮੀ ਦੇ ਸਮੂਹ ਖਿਡਾਰੀ, ਕੋਚ ਗੁਰਸਤਿੰਦਰ ਸਿੰਘ ਪਰਗਟ ਅਤੇ ਹਰਮੀਤ ਸਿੰਘ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੇ ਕੋਚਿੰਗ ਹੁਨਰ ਸਦਕਾ ਜਰਖੜ ਹਾਕੀ ਅਕੈਡਮੀ ਹਰ ਟੂਰਨਾਮੈਂਟ ਵਿੱਚ ਨਵੀਆਂ ਉਪਲਬਧੀਆਂ ਹਾਸਲ ਕਰ ਰਹੀ ਹੈ।

ਇਸ ਮਾਣਮੱਤੀ ਪ੍ਰਾਪਤੀ 'ਤੇ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਸਰਪ੍ਰਸਤ ਪਦਮ ਸ੍ਰੀ ਬਲਦੇਵ ਸਿੰਘ, ਪ੍ਰਧਾਨ ਅਮਰੀਕ ਸਿੰਘ ਮਿਨਹਾਸ, ਚੇਅਰਮੈਨ ਸੁਖਵਿੰਦਰ ਸਿੰਘ, ਮੀਤ ਪ੍ਰਧਾਨ ਸ. ਹੁਕਮ ਸਿੰਘ ਅਤੇ ਜਨਰਲ ਸਕੱਤਰ ਜਗਰੂਪ ਸਿੰਘ ਜਰਖੜ, ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਆਸਟਰੇਲੀਆ, ਜਰਖੜ ਹਾਕੀ ਅਕੈਡਮੀ ਦੇ ਜਨਰਲ ਸਕੱਤਰ ਗੁਰਸਤਿੰਦਰ ਸਿੰਘ ਪਰਗਟ, ਮਨਮੋਹਨ ਗਰੇਵਾਲ ਮੋਹਣਾ ਜੋਧਾ ਸਿਆਟਲ, ਹਰਦੀਪ ਸਿੰਘ ਬੀਰਮਪੁਰ, ਲੁਧਿਆਣਾ ਜ਼ਿਲ੍ਹਾ ਹਾਕੀ ਦੇ ਪ੍ਰਧਾਨ ਹਰਦੀਪ ਸਿੰਘ ਗਰੇਵਾਲ ਜਨਰਲ ਸਕੱਤਰ ਅਜੇਪਾਲ ਸਿੰਘ ਪੂਨੀਆ ਸਮੇਤ ਸਮੂਹ ਖੇਡ ਪ੍ਰੇਮੀਆਂ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਜਰਖੜ ਹਾਕੀ ਅਕੈਡਮੀ ਵੱਲੋਂ ਹਾਕੀ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਇਹ ਤਮਗਾ ਆਉਣ ਵਾਲੇ ਸਮੇਂ ਵਿੱਚ ਹੋਰ ਬੱਚਿਆਂ ਨੂੰ ਵੀ ਹਾਕੀ ਖੇਡਣ ਲਈ ਪ੍ਰੇਰਿਤ ਕਰੇਗਾ।

ਗੋਲਕੀਪਰ ਨਾਲ ਟਕਰਾਉਣ ਤੋਂ ਬਾਅਦ ਸਪੈਨਿਸ਼ ਫੁੱਟਬਾਲਰ ਜੀਸਸ ਡੀ ਮਿਗੁਏਲ ਦੀ ਮੌਤ



ਮੈਡ੍ਰਿਡ: ਸਪੇਨ ਵਿੱਚ ਇੱਕ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਫੁੱਟਬਾਲ ਮੈਚ ਦੌਰਾਨ ਗੋਲਕੀਪਰ ਨਾਲ ਜ਼ੋਰਦਾਰ ਟੱਕਰ ਹੋਣ ਕਾਰਨ 30 ਸਾਲਾ ਸਪੈਨਿਸ਼ ਫੁੱਟਬਾਲਰ ਜੀਸਸ ਡੀ ਮਿਗੁਏਲ ਅਲਮੇਦਾ ਦੀ ਮੌਤ ਹੋ ਗਈ ਹੈ। ਇਹ ਹਾਦਸਾ ਸਪੇਨ ਦੇ ਸੈਕਿੰਡ ਡਿਵੀਜ਼ਨ ਫੁੱਟਬਾਲ ਮੈਚ ਦੇ ਦੌਰਾਨ ਵਾਪਰਿਆ। ਮੈਚ ਦੇ ਆਖਰੀ ਪਲਾਂ ਵਿੱਚ ਤੇਨੇਰਿਫੇ ਕਲੱਬ ਦੇ ਸਟ੍ਰਾਈਕਰ ਜੀਸਸ ਡੀ ਮਿਗੁਏਲ ਮਿਡਫੀਲਡ ਵਿੱਚ ਗੇਂਦ ਲੈ ਕੇ ਅੱਗੇ ਵੱਧ ਰਹੇ ਸਨ। ਇਸ ਦੌਰਾਨ ਐਫ.ਸੀ. ਅੰਡੋਰਾ ਦੇ ਗੋਲਕੀਪਰ ਜੀਸਸ ਓਵੇਨੋ ਆਪਣਾ ਗੋਲ ਛੱਡ ਕੇ ਤੇਜ਼ੀ ਨਾਲ ਬਾਹਰ ਆਏ ਅਤੇ ਦੋਵਾਂ ਵਿਚਕਾਰ ਭਿਆਨਕ ਟੱਕਰ ਹੋ ਗਈ। ਗੋਲਕੀਪਰ ਦਾ ਗੋਡਾ ਜੀਸਸ ਡੀ ਮਿਗੁਏਲ ਦੀ ਛਾਤੀ ਨਾਲ ਜਾ ਟਕਰਾਇਆ, ਜਿਸ ਕਾਰਨ ਉਹ ਮੈਦਾਨ 'ਤੇ ਹੀ ਬੇਹੋਸ਼ ਹੋ ਗਏ। ਇਸ ਟੱਕਰ ਤੋਂ ਬਾਅਦ ਉਨ੍ਹਾਂ ਨੂੰ ਦਿਲ ਦਾ ਦੌਰਾ ਵੀ ਪੈ ਗਿਆ। ਹਾਦਸੇ ਤੋਂ ਤੁਰੰਤ ਬਾਅਦ ਮੈਚ ਰੋਕ ਦਿੱਤਾ ਗਿਆ ਅਤੇ ਬਾਅਦ ਵਿੱਚ ਰੱਦ ਕਰ ਦਿੱਤਾ ਗਿਆ। ਗੰਭੀਰ ਰੂਪ ਵਿੱਚ ਜ਼ਖ਼ਮੀ ਖਿਡਾਰੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੀ ਜਾਨ ਨਹੀਂ ਬਚਾਈ ਜਾ ਸਕੀ।

ਕਲੱਬ ਨੇ ਕੀਤੀ ਪੁਸ਼ਟੀ

ਕਲੱਬ ਵੱਲੋਂ ਮੰਗਲਵਾਰ, 3 ਨਵੰਬਰ ਨੂੰ ਸਵੇਰੇ 8 ਵਜੇ ਜੀਸਸ ਡੀ ਮਿਗੁਏਲ ਦੇ ਦੇਹਾਂਤ ਦੀ ਅਧਿਕਾਰਤ ਪੁਸ਼ਟੀ ਕੀਤੀ ਗਈ।

ਪੰਜਾਬ ਦੀਆਂ ਸਾਈਕਲਿਸਟ ਧੀਆਂ ਨੇ 7 ਸਾਲ ਪੁਰਾਣਾ ਰਿਕਾਰਡ ਤੋੜਿਆ

ਕੌਮੀ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ ਜਿੱਤਿਆ



ਪੰਜਾਬ ਦੀਆਂ ਹੋਣਹਾਰ ਸਾਈਕਲਿਸਟ ਧੀਆਂ ਨੇ ਕੌਮੀ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਵਿੱਚ ਸੱਤ ਸਾਲ ਪੁਰਾਣਾ ਕੌਮੀ ਰਿਕਾਰਡ ਤੋੜਦਿਆਂ ਸੋਨ ਤਗ਼ਮਾ ਜਿੱਤ ਕੇ ਸੂਬੇ ਦਾ ਮਾਣ ਵਧਾਇਆ ਹੈ। ਰਾਂਚੀ ਦੇ ਸਾਈਕਲਿੰਗ ਵੈਲੋਡਰੋਮ ਵਿੱਚ ਚੱਲ ਰਹੀ 78ਵੀਂ ਸੀਨੀਅਰ, 55ਵੀਂ ਜੂਨੀਅਰ ਅਤੇ 41ਵੀਂ ਸਬ-ਜੂਨੀਅਰ ਕੌਮੀ ਟਰੈਕ ਸਾਈਕਲਿੰਗ ਚੈਂਪੀਅਨਸ਼ਿਪ ਦੌਰਾਨ ਪੰਜਾਬ ਦੀ ਸਬ-ਜੂਨੀਅਰ ਲੜਕੀਆਂ ਦੀ ਟੀਮ ਨੇ ਟੀਮ ਸਪ੍ਰਿੰਟ ਮੁਕਾਬਲੇ ਵਿੱਚ 1 ਮਿੰਟ 16 ਸਕਿੰਟ ਦਾ ਸਮਾਂ ਕੱਢਦਿਆਂ ਇਹ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਸਾਈਕਲਿੰਗ ਐਸੋਸੀਏਸ਼ਨ ਆਫ ਪੰਜਾਬ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜੇਤੂ ਟੀਮ ਵਿੱਚ ਲੁਧਿਆਣੇ ਦੀ ਪ੍ਰੀਤੀ ਸ਼ਾਹ, ਪਟਿਆਲੇ ਦੀ ਗੁਨਤਾਸ ਸੰਧੂ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਜਪਨੀਤ ਕੌਰ ਅਤੇ ਪਲਕਪ੍ਰੀਤ ਕੌਰ ਸ਼ਾਮਲ ਸਨ। ਚੈਂਪੀਅਨਸ਼ਿਪ ਦੀ ਤਿਆਰੀ ਲਈ ਟੀਮ ਦਾ ਸਿਖਲਾਈ ਕੈਂਪ ਲੁਧਿਆਣਾ 'ਚ ਲਾਇਆ ਗਿਆ ਸੀ, ਜਿੱਥੇ ਖਿਡਾਰਨਾਂ ਨੇ ਕੋਚਾਂ ਦੀ ਨਿਗਰਾਨੀ ਹੇਠ ਅਭਿਆਸ ਕੀਤਾ। ਉਨ੍ਹਾਂ ਮੁੱਖ ਕੋਚ ਸਤਵਿੰਦਰ ਸਿੰਘ, ਕੋਚ ਭੁਪਿੰਦਰ ਕੁਮਾਰ, ਇਕਵਿੰਦਰ ਸਿੰਘ ਅਤੇ ਮਹਿਲਾ ਕੋਚ ਹਰਪ੍ਰੀਤ ਕੌਰ ਦੀ ਮਿਹਨਤ ਦੀ ਵੀ ਸ਼ਲਾਘਾ ਕੀਤੀ। ਇਸ ਪ੍ਰਾਪਤੀ 'ਤੇ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਓਂਕਾਰ ਸਿੰਘ, ਮੁੱਖ ਸਰਪ੍ਰਸਤ ਦਰਸ਼ਨ ਸਿੰਘ ਧਾਲੀਵਾਲ ਯੂ ਐੱਸ ਏ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਓਂਕਾਰ ਸਿੰਘ, ਜਨਰਲ ਸਕੱਤਰ ਮਨਿੰਦਰਪਾਲ ਸਿੰਘ, ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਅਤੇ ਓਲੰਪੀਅਨ ਗੁਰਜੀਤ ਕੌਰ ਨੇ ਖਿਡਾਰਨਾਂ, ਮਾਪਿਆਂ ਅਤੇ ਕੋਚਾਂ ਨੂੰ ਵਧਾਈ ਦਿੱਤੀ ਹੈ।

ਭਾਰਤ ਨੇ ਦੱਖਣੀ ਕੋਰੀਆ ਨੂੰ 8-0 ਨਾਲ ਹਰਾਇਆ

ਭਾਰਤੀ ਹਾਕੀ ਟੀਮ ਨੇ ਇੱਥੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਚੱਲ ਰਹੇ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ ਵਿੱਚ ਅੱਜ ਦੱਖਣੀ ਕੋਰੀਆ ਨੂੰ 8-0 ਨਾਲ ਹਰਾ ਕੇ ਰਾਊਂਡ ਰੌਬਿਨ ਲੀਗ ਪੂਲ 'ਚ ਪਹਿਲਾ ਸਥਾਨ ਹਾਸਲ ਕੀਤਾ। ਜਾਪਾਨ 10 ਅੰਕਾਂ ਨਾਲ ਦੂਜੇ, ਮਲੇਸ਼ੀਆ 9 ਅੰਕਾਂ ਨਾਲ ਤੀਜੇ ਅਤੇ ਦੱਖਣੀ ਕੋਰੀਆ 6 ਅੰਕਾਂ ਨਾਲ ਚੌਥੇ ਸਥਾਨ 'ਤੇ ਰਿਹਾ। ਆਖਰੀ ਲੀਗ ਮੈਚ ਸ਼ੁਰੂ ਹੋਣ ਤੋਂ ਪਹਿਲਾਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਨੈਦਰਲੈਂਡਜ਼ ਦੇ ਡਰੈਗ ਫਲਿੱਕਰ ਫਲੋਰਿਸ ਜਾਨ ਬੋਵਲੈਂਡਰ ਨੇ ਭਾਰਤ ਅਤੇ ਦੱਖਣੀ ਕੋਰੀਆਈ ਟੀਮਾਂ ਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ।



ਦੱਖਣੀ ਕੋਰੀਆ ਖ਼ਿਲਾਫ਼ ਮੈਚ ਵਿੱਚ ਦਿਲਪ੍ਰੀਤ ਸਿੰਘ ਨੇ ਦੋ ਗੋਲ ਕੀਤੇ, ਜਦਕਿ ਕਪਤਾਨ ਹਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੁਖਜੀਤ ਸਿੰਘ, ਸ਼ਿਲਾਨੰਦ ਲਾਕੜਾ, ਸੰਜੈ ਅਤੇ ਅੰਗਦ ਬੀਰ ਸਿੰਘ ਨੇ ਇੱਕ-ਇੱਕ ਗੋਲ ਕੀਤਾ। ਇਸ ਤੋਂ ਪਹਿਲਾਂ, ਕਮਜ਼ੋਰ ਮੰਨੀ ਜਾਣ ਵਾਲੀ ਬੰਗਲਾਦੇਸ਼ ਦੀ ਟੀਮ ਨੇ ਚੀਨ ਨਾਲ ਮੁਕਾਬਲਾ 1-1 ਨਾਲ ਡਰਾਅ ਖੇਡਿਆ। ਚੀਨ ਨੇ ਦੂਜੇ ਮਿੰਟ ਵਿੱਚ ਹੀ ਬੇਨਹਾਈ ਚੇਨ ਵੱਲੋਂ ਪੈਨਲਟੀ ਕਾਰਨਰ ਰਾਹੀਂ ਗੋਲ ਕਰ ਕੇ ਲੀਡ ਬਣਾ ਲਈ ਸੀ। ਬੰਗਲਾਦੇਸ਼ ਲਈ ਬਰਾਬਰੀ ਦਾ ਗੋਲ ਕਪਤਾਨ ਅਸ਼ਰਫੁਲ ਇਸਲਾਮ ਨੇ ਕੀਤਾ, ਜਿਸ ਨੇ 38ਵੇਂ ਮਿੰਟ ਵਿੱਚ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਬਦਲ ਕੇ ਸਕੋਰ ਬਰਾਬਰ ਕਰ ਦਿੱਤਾ। ਜਾਪਾਨ ਅਤੇ ਮਲੇਸ਼ੀਆ ਵਿਚਾਲੇ ਹੋਏ ਇੱਕ ਹੋਰ ਸਖ਼ਤ ਮੁਕਾਬਲੇ ਵਿੱਚ ਜਾਪਾਨ ਨੇ ਜਿੱਤ ਦਰਜ ਕੀਤੀ। ਹਾਲਾਂਕਿ, ਇਹ ਜਿੱਤ ਬਹੁਤ ਫਰਕ ਨਾਲ ਨਹੀਂ ਸੀ। ਮਲੇਸ਼ੀਆ ਨੇ 10ਵੇਂ ਮਿੰਟ ਵਿੱਚ ਅਬੂ ਕਮਾਲ ਅਜ਼ਰਾਈ ਦੇ ਫੀਲਡ ਗੋਲ ਨਾਲ ਸ਼ੁਰੂਆਤੀ ਲੀਡ ਬਣਾਈ ਸੀ, ਪਰ ਜਾਪਾਨੀ ਖਿਡਾਰੀਆਂ ਨੇ ਹਾਰ ਨਹੀਂ ਮੰਨੀ ਅਤੇ ਕੇਨਤਾਰੋ ਫੁਕੁਦਾ ਰਾਹੀਂ 24ਵੇਂ ਤੇ 54ਵੇਂ ਮਿੰਟ ਵਿੱਚ ਦੋ ਫੀਲਡ ਗੋਲ ਕਰ ਕੇ ਜਿੱਤ ਹਾਸਲ ਕੀਤੀ।

ਹੁਣ, ਸੈਮੀ ਫਾਈਨਲ ਮੁਕਾਬਲਿਆਂ ਵਿੱਚ ਭਾਰਤ ਦਾ ਸਾਹਮਣਾ ਦੱਖਣੀ ਕੋਰੀਆ ਨਾਲ ਹੋਵੇਗਾ ਅਤੇ ਜਾਪਾਨ ਦਾ ਮੁਕਾਬਲਾ ਮਲੇਸ਼ੀਆ ਨਾਲ ਹੋਵੇਗਾ। ਇਹ ਚਾਰ ਟੀਮਾਂ ਸੈਮੀ ਫਾਈਨਲ ਪੜਾਅ ਲਈ ਕੁਆਲੀਫਾਈ ਕਰ ਚੁੱਕੀਆਂ ਹਨ। ਇਹ ਮੁਕਾਬਲੇ 4 ਨਵੰਬਰ ਨੂੰ ਮੁਹਾਲੀ ਸਥਿਤ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ ਵਿੱਚ ਹੋਣਗੇ। ਫਾਈਨਲ ਮੈਚ ਵੀ 5 ਨਵੰਬਰ ਨੂੰ ਮੁਹਾਲੀ ਵਿੱਚ ਹੀ ਹੋਵੇਗਾ।

ਜਲੰਧਰ ਨੇ ਹਾਕੀ ਮੁਕਾਬਲਿਆਂ ਨੂੰ ਵਿਦਾਇਗੀ ਦਿੱਤੀ

ਜਲੰਧਰ ਦੇ ਬਰਲਟਨ ਪਾਰਕ ਸਥਿਤ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫੀ ਦੇ ਆਖਰੀ ਮੈਚ ਦੌਰਾਨ ਪ੍ਰਸ਼ੰਸਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਇੱਥੇ ਖੇਡੇ ਗਏ ਮੁਕਾਬਲਿਆਂ ਨੂੰ ਯਾਦਗਾਰੀ ਵਿਦਾਇਗੀ ਦੇਣ ਲਈ ਸਥਾਨਕ ਵਸਨੀਕਾਂ ਅਤੇ ਹਾਕੀ ਪ੍ਰੇਮੀਆਂ ਨੇ ਰਿਕਾਰਡ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਦਰਸ਼ਕਾਂ ਲਈ ਸਟੇਡੀਅਮ ਦੇ ਆਲੇ-ਦੁਆਲੇ ਵੱਖ-ਵੱਖ ਥਾਈਂ ਵੱਡੀਆਂ ਐੱਲ ਈ ਡੀ ਸਕਰੀਨਾਂ ਵੀ ਲਗਾਈਆਂ ਗਈਆਂ ਸਨ, ਜਿਸ ਸਦਕਾ ਸਟੇਡੀਅਮ ਤੋਂ ਬਾਹਰ ਮੌਜੂਦ ਹਜ਼ਾਰਾਂ ਲੋਕਾਂ ਨੂੰ ਲਾਈਵ ਮੁਕਾਬਲੇ ਦੇਖਣ ਦਾ ਮੌਕਾ ਮਿਲਿਆ।

ਸ਼ੁਭਮਨ ਗਿੱਲ, ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਨੂੰ ਰਗਬੀ ਸਟਾਰ ਮੇਆਲਾਮੂ ਨੇ ਤੋਹਫ਼ੇ 'ਚ ਦਿੱਤੀਆਂ ਖਾਸ ਜਰਸੀਆਂ

ਕਪਤਾਨ ਸ਼ੁਭਮਨ ਗਿੱਲ ਨੇ ਟੌਸ ਜਿੱਤ ਕੇ ਨਿਊਜ਼ੀਲੈਂਡ ਖ਼ਿਲਾਫ਼ ਪਹਿਲਾਂ ਗੇਂਦਬਾਜ਼ੀ ਕਰਨ ਦਾ ਲਿਆ ਫ਼ੈਸਲਾ



ਨਿਊਜ਼ੀਲੈਂਡ ਖ਼ਿਲਾਫ਼ ਔਕਲੈਂਡ ਵਿੱਚ ਖੇਡੇ ਜਾ ਰਹੇ ਪਹਿਲੇ ਇੱਕਰੋਜ਼ਾ (ODI) ਮੈਚ ਦੇ ਦਿਨ ਬੁੱਧਵਾਰ ਨੂੰ ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੇ ਨਿਊਜ਼ੀਲੈਂਡ ਦੇ ਮਹਾਨ ਰਗਬੀ ਖਿਡਾਰੀ ਕੇਵਿਨ ਮੇਆਲਾਮੂ ਨਾਲ ਖਾਸ ਮੁਲਾਕਾਤ ਕੀਤੀ। ਇਸ ਖੇਡ-ਸਾਂਝ ਦੌਰਾਨ ਭਾਰਤੀ ਟੀਮ ਦੇ ਕਪਤਾਨ ਸ਼ੁਭਮਨ ਗਿੱਲ, ਸੀਨੀਅਰ ਬੱਲੇਬਾਜ਼ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਨੂੰ ਮੇਆਲਾਮੂ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ (Personalised) ਰਗਬੀ ਜਰਸੀਆਂ ਭੇਟ ਕੀਤੀਆਂ ਗਈਆਂ।

ਬੀਸੀਸੀਆਈ (BCCI) ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (X) 'ਤੇ ਇੱਕ ਪੋਸਟ ਵਿੱਚ ਲਿਖਿਆ, "ਮੈਚ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਖਾਸ ਪਲ, ਕਪਤਾਨ ਸ਼ੁਭਮਨ ਗਿੱਲ, ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਨੇ ਨਿਊਜ਼ੀਲੈਂਡ ਰਗਬੀ ਦੇ ਮਹਾਨ ਖਿਡਾਰੀ ਕੇਵਿਨ ਮੇਆਲਾਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਤੋਂ ਖਾਸ ਰਗਬੀ ਜਰਸੀਆਂ ਪ੍ਰਾਪਤ ਕੀਤੀਆਂ।"

20 ਮਾਰਚ 1979 ਨੂੰ ਜਨਮੇ ਮੇਆਲਾਮੂ ਨੂੰ 'ਆਲ ਬਲੈਕਸ' (ਨਿਊਜ਼ੀਲੈਂਡ ਰਗਬੀ ਟੀਮ) ਲਈ ਖੇਡਣ ਵਾਲੇ ਸਭ ਤੋਂ ਵਧੀਆ 'ਹੁਕਰਜ਼' ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਉਹ ਨਿਊਜ਼ੀਲੈਂਡ ਖੇਡ ਜਗਤ ਦੀਆਂ ਨਾਮਵਰ ਸ਼ਖਸੀਅਤਾਂ ਵਿੱਚ ਸ਼ਾਮਲ ਹਨ। ਭਾਰਤੀ ਕ੍ਰਿਕਟ ਟੀਮ ਨਾਲ ਉਨ੍ਹਾਂ ਦੀ ਇਸ ਨਿੱਘੀ ਮੁਲਾਕਾਤ ਨੇ ਵੱਖ-ਵੱਖ ਖੇਡ ਭਾਈਚਾਰਿਆਂ ਵਿਚਾਲੇ ਆਪਸੀ ਭਾਈਚਾਰੇ ਅਤੇ ਮਜ਼ਬੂਤ ਸਾਂਝ ਨੂੰ ਦਰਸਾਇਆ ਹੈ।

ਮੈਚ ਦਾ ਹਾਲ ਅਤੇ ਟੀਮਾਂ

ਮੈਚ ਦੀ ਗੱਲ ਕਰੀਏ ਤਾਂ ਭਾਰਤੀ ਕਪਤਾਨ ਸ਼ੁਭਮਨ ਗਿੱਲ ਨੇ ਟੌਸ ਜਿੱਤ ਕੇ ਨਿਊਜ਼ੀਲੈਂਡ ਵਿਰੁੱਧ ਪਹਿਲਾਂ ਗੇਂਦਬਾਜ਼ੀ (ਚੇਜ਼) ਕਰਨ ਦਾ ਫੈਸਲਾ ਕੀਤਾ। 2027 ਦੇ ਇੱਕਰੋਜ਼ਾ ਵਿਸ਼ਵ ਕੱਪ ਨੂੰ ਧਿਆਨ ਵਿੱਚ ਰੱਖਦਿਆਂ ਭਾਰਤ ਨੇ ਈਡਨ ਪਾਰਕ ਵਿੱਚ ਪੰਜ ਮੈਚਾਂ ਦੀ ਇਸ ਸੀਰੀਜ਼ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੀ 50 ਓਵਰਾਂ ਦੇ ਫਾਰਮੈਟ ਵਿੱਚ ਵਾਪਸੀ ਹੋਈ ਹੈ।

ਭਾਰਤ ਦੀ ਨਜ਼ਰ ਨਿਊਜ਼ੀਲੈਂਡ